ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੭ ਕੱਤਕ ਸੰਨ ੨੦੨੫ Tuesday, 21 October

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com

## ਬੰਦੀ ਛੋੜ ਦਿਵਸ/ਦੀਵਾਲੀ ਵਿਸ਼ੇਸ਼ ਅੰਕ



# ਸਤਿਗੁਰੁ ਬੰਦੀਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ।

The true Guru is giver of freedom from
bondages and makes the detached ones librated in life.

ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ
ਦਾਤਾ ਬੰਦੀ ਛੋੜ ਜੀ ਦੇ ਗਵਾਲੀਅਰ ਕਿਲੇ 'ਚੋਂ ੫੨ ਰਾਜਿਆਂ ਸਮੇਤ ਰਿਹਾਅ ਹੋਣ 'ਤੇ
ਬੰਦੀ ਛੋੜ ਦਿਹਾੜੇ ਦੀਆਂ 'ਅਦਾਰਾ ਖ਼ਾਲਸਾ ਅਖ਼ਬਾਰ' ਵੱਲੋਂ ਲੱਖ ਲੱਖ ਵਧਾਈਆਂ



ਖ਼ਾਲਸਾ ਅਖ਼ਬਾਰ

www.khalsaakhbaar.com

ਬੰਦੀ ਛੋੜ ਦਿਵਸ/ਦੀਵਾਲੀ ਵਿਸ਼ੇਸ਼ ਅੰਕ

# ਬੰਦੀ ਛੋੜ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

-ਡਾ. ਅਮਰਜੀਤ ਕੌਰ



ਪੰਜਾਬੀ ਵਿਚ ਅਖਾਣ ਹੈ, "ਦਾਲ ਰੋਟੀ ਘਰ ਦੀ, ਦੀਵਾਲੀ ਅੰਬਰਸਰ ਦੀ" ਸੋ ਗੁਰੂ ਸਾਹਿਬਾਨ ਦੇ ਸਮਿਆਂ ਤੋਂ ਲੈ ਕੇ ਹੁਣ ਤਕ ਸਿੱਖ ਭਾਵੇਂ ਦੁਨੀਆ ਵਿਚ ਕਿਤੇ ਵੀ ਵੱਸ ਰਿਹਾ ਹੋਵੇ, ਉਸ ਦੀ ਖਾਹਿਸ਼ ਹੁੰਦੀ ਹੈ ਕਿ ਉਹ ਦੀਵਾਲੀ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਕਰੇ, ਪਾਵਨ ਸਰੋਵਰ ਵਿਚ ਇਸ਼ਨਾਨ ਕਰੇ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੁੰਦੀ ਇਲਾਹੀ ਦੀਪਮਾਲਾ ਦੇ ਦਰਸ਼ਨ ਕਰੇ।

ਹਿੰਦੁਸਤਾਨ ਵਿਚ ਇਹ ਤਿਉਹਾਰ ਹਜ਼ਾਰਾਂ ਸਾਲਾਂ ਤੋਂ ਮਨਾਇਆ ਜਾ ਰਿਹਾ ਹੈ। ਸਿੱਖ ਇਤਿਹਾਸ ਅਨੁਸਾਰ ਇਸ ਦਿਨ ਨੂੰ ਬੰਦੀ ਛੋੜ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਇਸ ਦਿਨ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਬਵਿੰਜਾ ਰਾਜਿਆਂ, ਰਾਈਸਾਂ ਨੂੰ ਜੋ ਕੈਦ ਕੱਟ ਰਹੇ ਸਨ, ਛੁਡਵਾ ਕੇ, ਸ੍ਰੀ ਅੰਮ੍ਰਿਤਸਰ ਸਾਹਿਬ ਆਏ ਸਨ ਅਤੇ ਸ੍ਰੀ ਅੰਮ੍ਰਿਤਸਰ ਨਿਵਾਸੀਆਂ ਨੇ ਖੁਸ਼ੀ ਵਿਚ ਸ੍ਰੀ ਹਰਿਮੰਦਰ ਸਾਹਿਬ ਅਤੇ ਸਾਰੇ ਸ਼ਹਿਰ ਵਿਚ ਦੀਪਮਾਲਾ ਕੀਤੀ ਸੀ। ਛਠਮ ਪੀਰ, ਵਡ ਜੋਧਾ, ਬਹੁਪਰਉਪਕਾਰੀ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਮਾਤਾ ਗੰਗਾ ਜੀ ਦੀ ਕੁੱਖੋਂ ਗੁਰੂ ਕੀ ਵਡਾਲੀ (ਨੇੜੇ ਸ੍ਰੀ ਅੰਮ੍ਰਿਤਸਰ) ਵਿਖੇ ਹੋਇਆ। ਜਨਮ ਦੀ ਖੁਸ਼ੀ ਵਿਚ ਪਿਤਾ ਨੇ ਛੇ ਮਾਹਲਾਂ ਵਾਲਾ (ਛੇਹਰਟਾ) ਵੱਡ ਆਕਾਰੀ ਖੂਹ ਲਗਵਾਇਆ। ਸ੍ਰੀ (ਗੁਰੂ) ਹਰਿਗੋਬਿੰਦ ਸਾਹਿਬ ਜੀ ਛੇ ਸਾਲ ਦੇ ਹੋਏ ਤਾਂ ਬਾਬਾ ਬੁੱਢਾ ਜੀ ਦੀ ਦੇਖ-ਰੇਖ ਹੇਠ ਆਪ ਜੀ ਨੂੰ ਸ਼ਸਤਰ ਤੇ ਸ਼ਾਸਤਰ ਦੀ ਸਿਖਲਾਈ ਦਿੱਤੀ ਗਈ। ਬਾਲ ਹਰਿਗੋਬਿੰਦ ਸਾਹਿਬ ਜੀ ਅਜੇ ਕੇਵਲ ਗਿਆਰ੍ਹਾਂ ਸਾਲਾਂ ਦੇ ਸਨ ਜਦੋਂ ਉਹ ਆਪਣੇ ਸ਼ਹੀਦ ਹੋਏ ਪਿਤਾ ਜੀ ਦੀ ਗੱਦੀ 'ਤੇ ਬੈਠੇ। ਸਮੇਂ ਦੀ ਲੋੜ ਨੂੰ ਵੇਖਦਿਆਂ ਉਨ੍ਹਾਂ ਦੇ ਪਿਤਾ ਜੀ ਨੇ ਬਾਬਾ ਬੁੱਢਾ ਜੀ ਨੂੰ ਕਹਿ ਦਿੱਤਾ ਸੀ ਕਿ ਉਨ੍ਹਾਂ ਦੇ ਪੁੱਤਰ ਨੂੰ ਸੰਤ-ਸਿਪਾਹੀ ਬਣਾ ਦਿੱਤਾ ਜਾਏ।

ਗੁਰਗੱਦੀ ਉੱਤੇ ਬੈਠਣ ਸਮੇਂ ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਕਿਹਾ, "ਬਾਬਾ ਜੀ ਤੁਸੀਂ ਮੈਨੂੰ ਦੋ ਕਿਰਪਾਨਾਂ ਧਾਰਨ ਕਰਵਾਓ।" ਬਾਬਾ ਜੀ ਇਹ ਸੁਣ ਕੇ ਬਹੁਤ ਖੁਸ਼ ਹੋਏ ਅਤੇ ਗੁਰੂ ਜੀ ਦੇ ਸਿਰ 'ਤੇ ਸੁੰਦਰ ਦਸਤਾਰ ਅਤੇ ਸ਼ਾਹੀ ਵਸਤਰ ਪਹਿਨਾ ਕੇ, ਦੋ ਕਿਰਪਾਨਾਂ ਪਹਿਨਾ ਕੇ, ਬਾਕੀ ਦੇ ਵੀ ਸਾਰੇ ਸ਼ਸਤਰ ਪਹਿਨਾ ਦਿੱਤੇ। ਦੋ ਕਿਰਪਾਨਾਂ- ਇਕ ਮੀਰੀ ਦੀ ਇਕ ਪੀਰੀ ਦੀ, ਜੋ ਗੁਰੂ ਜੀ ਦੇ ਆਤਮਿਕ ਪੱਖ ਅਤੇ ਸੰਸਾਰਿਕ ਪੱਖ ਨੂੰ ਦਰਸਾਉਂਦੀ ਹੈ। ਪੰਚਮ ਪਾਤਸ਼ਾਹ ਜੀ ਦੀ ਸ਼ਹੀਦੀ ਉਪਰੰਤ ਸਿੱਖਾਂ ਨੂੰ ਨਿਸ਼ਚਾ ਹੋ ਗਿਆ ਸੀ ਕਿ ਜੇਕਰ ਉਨ੍ਹਾਂ ਨੇ ਜੀਉਣਾ ਹੈ ਤਾਂ ਹਥਿਆਰਬੰਦ ਹੋਣਾ ਪੈਣਾ ਹੈ। ਸੋ ਗੁਰੂ ਜੀ ਨੇ ਆਪਣੀਆਂ ਸਿੱਖ-ਸੰਗਤਾਂ ਦੇ ਨਾਮ ਹੁਕਮਨਾਮੇ ਭੇਜੇ ਕਿ ਉਹ ਚੰਗੇ ਸ਼ਸਤਰ ਤੇ ਚੰਗੇ ਘੋੜੇ ਭੇਟਾ ਲਿਆਉਣ।

ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ੧੦੦ ਮੀਟਰ ਦੀ ਦੂਰੀ 'ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਰਚਨਾ ਕੀਤੀ। ਤਖਤ ਬਣਾਉਣ ਸਮੇਂ ਕਿਸੇ ਹੋਰ ਰਾਜ ਮਿਸਤਰੀ ਜਾਂ ਮਜ਼ਦੂਰ ਨੂੰ ਨਹੀਂ ਲਾਇਆ ਗਿਆ, ਕੇਵਲ ਤੇ ਕੇਵਲ ਅਕਾਲ ਪੁਰਖ ਵੱਲੋਂ ਪ੍ਰਵਾਨਿਤ ਤਿੰਨ ਅਕਾਲੀ ਵਿਅਕਤੀਆਂ ਨੇ ਤਖਤ ਦਾ ਥੜ੍ਹਾ ਤਿਆਰ ਕੀਤਾ:

ਕਿਸੀ ਰਾਜ ਨਹਿ ਹਾਥ ਲਗਾਯੋ। ਬੁੱਢੇ ਔ ਗੁਰਦਾਸ ਬਨਾਯੋ।
ਖਚਤ ਰੇਖਤਾ ਤਖਤ ਅਕਾਰ। ਬਨਾਯੋ ਕਛੁਕੁ ਉਚ ਨਿਰਧਾਰ।
(ਗੁਰ ਬਿਲਾਸ ਪਾਤਸ਼ਾਹੀ ਛੇਵੀਂ)

ਇਹ ਤਖਤ ਮੁਗ਼ਲਾਂ ਦੇ ਤਖਤ ਤੋਂ ਸਵਾ ਹੱਥ ਉੱਚਾ ਬਣਾਇਆ ਗਿਆ। ਗੁਰੂ ਜੀ ਨੇ ਵੇਖ ਕੇ ਬਚਨ ਕੀਤਾ:

ਪਾਇ ਸਮਾ ਇਹੁ ਬਨੇ ਅਪਾਰਾ। ਸੁੰਦਰ ਸੂਰਨ ਬਡੀ ਛਬਿ ਪਾਵੈ।
ਦੇਖ ਨਾਕ ਬੈਕੁੰਠ ਲਜਾਵੈ॥ (ਗੁਰ ਬਿਲਾਸ ਪਾਤਸ਼ਾਹੀ ਛੇਵੀਂ)

ਹਾੜ ਦਸਵੀਂ ਵਾਲੇ ਦਿਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਹੁਤ ਸੁੰਦਰ ਪੀਲੇ ਰੰਗ ਦੀ ਸ਼ਾਹੀ ਪੁਸ਼ਾਕ ਪਹਿਨੀ ਅਤੇ ਪੀਲੇ ਰੰਗ ਦੀ ਸੁੰਦਰ ਤਿੱਲੇ ਵਾਲੀ ਦਸਤਾਰ ਸਜਾਈ:

ਪੀਤ ਪੁਸ਼ਾਕ ਧਰੀ ਸੁਖਸਾਗਰ ਔ ਕਲਗੀ ਗੁਰ ਸੀਸ ਸੁਹਾਵੈ।
ਔ ਭੁਜਅੰਗਦ ਸੋਹਤ ਹੈ, ਫੁਨਿ ਪੀਠ ਪੈ ਚਰਮ ਧਰੀ ਛਬਿ ਪਾਵੈ।
ਦੋ ਅਸਿ ਲੈ ਭਗਵੰਤ ਤਬੈ, ਗੁਰ ਕੇ ਗਰ ਡਾਰ ਦੀਏ ਹਰਖਾਵੈ।
ਮੀਰੀ ਕੀ ਮੀਰ ਔਰ ਪੀਰੀ ਕੀ ਪੀਰ,
ਸੋ ਦੋਊ ਧਰੀ ਭਗਵੰਤ ਅਲਾਵੈ।
(ਗੁਰ ਬਿਲਾਸ ਪਾਤਸ਼ਾਹੀ ਛੇਵੀਂ)

ਇਸ ਦਿਨ ਬੇਅੰਤ ਸੰਗਤਾਂ ਦੂਰ-ਦੁਰਾਡੇ ਤੋਂ ਪੁੱਜੀਆਂ। ਗੁਰੂ-ਘਰ ਨਾਲ ਸੰਬੰਧਿਤ ਸ਼ਖ਼ਸੀਅਤਾਂ ਬਾਬਾ ਮੋਹਣ ਜੀ, ਬਾਬਾ ਮੋਹਰੀ ਜੀ, ਭਾਈ ਦਾਤੂ ਜੀ, ਬਾਬਾ ਸ੍ਰੀ ਚੰਦ ਜੀ ਅਤੇ ਹੋਰ ਸਾਰੇ ਪੁੱਜੇ। ਬੇਅੰਤ ਹੀ ਚੜ੍ਹਾਵਾ ਚੜ੍ਹਿਆ। ਬੀਰ ਰਸੀ ਵਾਰਾਂ ਗਾਉਣ ਲਈ ਪਿੰਡ ਸੁਰ ਸਿੰਘ ਤੋਂ ਢਾਡੀ ਭਾਈ ਨੱਥਾ ਤੇ ਅਬਦੁੱਲਾ ਪੁੱਜੇ। ਉਸ ਸਮੇਂ ਸੁਰਸਿੰਘ ਦੇ ਨੱਥੇ ਤੇ ਅਬਦੁੱਲੇ ਨੇ ਜੋ ਵਾਰ ਗਾਈ ਉਸ ਦੇ ਕੁਝ ਕੁ ਅੰਸ਼ ਉਪਲਬੱਧ ਹਨ:

ਦੋ ਤਲਵਾਰਾਂ ਬਧੀਆਂ, ਇਕ ਮੀਰ ਦੀ ਇਕ ਪੀਰ ਦੀ।
ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।
ਹਿੰਮਤ ਬਾਹਾਂ ਕੋਟ ਗੜ੍ਹ, ਦਰਵਾਜ਼ਾ ਬਲਖ ਬਖ਼ੀਰ ਦੀ।
ਕਟਕ ਸਿਪਾਹੀ ਨੀਲ ਨੱਲ, ਮਾਰ ਦੁਸ਼ਟਾਂ ਕਰੇ ਤਗੀਰ ਦੀ।
ਪੱਗ ਤੇਰੀ, ਕੀ ਜਹਾਂਗੀਰ ਦੀ।

ਅਖੀਰਲੀ ਪੰਕਤੀ ਵਿਚ ਡਾਢੀ ਸੋਹਣੀ ਪੱਗ ਦੀ ਸਿਫਤ ਕਰਦਾ ਹੋਇਆ ਢਾਡੀ ਕਹਿੰਦਾ ਹੈ ਕਿ ਤੇਰੀ ਪੱਗ ਏਡੀ ਸੋਹਣੀ ਹੈ ਕਿ ਤੇਰੀ ਪੱਗ ਦੇ ਮੁਕਾਬਲੇ ਜਹਾਂਗੀਰ ਦੀ ਪੱਗ ਵੀ ਕੀ ਹੈ ?

ਗੁਰੂ ਜੀ ਨੇ ਆਪਣੇ ਬਵਿੰਜਾ ਅੰਗ-ਰੱਖਿਅਕ ਵੀ ਰੱਖ ਲਏ। ਰੋਜ਼ਾਨਾ ਫੌਜੀ ਮਸ਼ਕਾਂ ਹੋਣ ਲੱਗੀਆਂ। ਫੌਜਾਂ ਦੀ ਭਰਤੀ ਕੀਤੀ ਜਾਣ ਲੱਗ ਪਈ ਸੀ। ਇਨ੍ਹਾਂ ਕਾਰਵਾਈਆਂ ਤੋਂ ਬਾਦਸ਼ਾਹ ਜਹਾਂਗੀਰ ਨੂੰ ਲਗਾਤਾਰ ਜਾਣੂ ਕਰਵਾਇਆ ਜਾ ਰਿਹਾ ਸੀ। ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਦਿੱਲੀ ਸੱਦਿਆ ਅਤੇ ਮਿਸਟਰ ਐਮ. ਏ. ਮੈਕਾਲਿਫ ਅਨੁਸਾਰ ਗੁਰੂ ਜੀ ਦੀਆਂ ਜਹਾਂਗੀਰ ਨਾਲ ਮੁਲਾਕਾਤਾਂ ਖੁਸ਼ਗਵਾਰ ਮਾਹੌਲ ਵਿਚ ਹੁੰਦੀਆਂ ਰਹੀਆਂ ਫਿਰ ਜੋਤਸ਼ੀ ਦਾ ਬਹਾਨਾ ਬਣਾ ਕੇ ਕਿ ਜੋਤਸ਼ੀ ਨੇ ਕਿਹਾ ਹੈ ਕਿ ਬਾਦਸ਼ਾਹ ਦੇ ਗ੍ਰਹਿ ਬੜੇ ਭਾਰੇ ਚੱਲ ਰਹੇ ਹਨ ਜੇਕਰ ਕੋਈ ਮਹਾਂਪੁਰਖ ਕਿਲੇ ਹ ਵਿਚ ਤਪ ਕਰੇ ਤਾਂ ਕਸ਼ਟ ਟਲ ਸਕਦਾ ਹੈ।.. .ਉਸ ਨੇ ਗੁਰੂ ਜੀ ਨੂੰ ਜਦੋਂ ਦੱਸਿਆ ਤੇ ਗੁਰੂ ਜੀ ਸਭ ਫੌਜਾਂ ਛੱਡ ਕੇ ਕੇਵਲ ਪੰਜ ਸਿੱਖ ਨਾਲ ਲੈ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਚਲੇ ਗਏ। ਗੁਰੂ ਜੀ ਨੂੰ ਬੰਦੀ ਬਣਾ ਲਿਆ ਗਿਆ। ਇਸ ਬੰਦੀ ਪਿੱਛੇ ਹੋਰ ਵੀ ਕਈ ਕਾਰਨ ਦੱਸੇ ਜਾਂਦੇ ਹਨ ਜਿਵੇਂ- ਚੰਦੂ ਨੂੰ ਮੁੱਖ ਕਾਰਨ ਮੰਨਿਆ ਜਾਂਦਾ ਹੈ। ਪਰ ਵੱਡਾ ਕਾਰਨ ਗੁਰੂ ਸਾਹਿਬ ਦੀ ਵਧਦੀ ਫੌਜੀ ਸ਼ਕਤੀ ਕਿਹਾ ਜਾ ਸਕਦਾ ਹੈ ਜੋ ਜਹਾਂਗੀਰ ਨੂੰ ਬਰਦਾਸ਼ਤ ਨਹੀਂ ਸੀ। ਪ੍ਰਤੱਖ ਤੌਰ 'ਤੇ ਮੁਗ਼ਲ ਬਾਦਸ਼ਾਹ ਇਨ੍ਹਾਂ ਤਿਆਰੀਆਂ ਤੋਂ ਡਰ ਗਿਆ ਅਤੇ ਗੁਰੂ ਜੀ ਨੂੰ ਆਪਣੇ ਪਾਸ ਬੁਲਾਇਆ। ਉਨ੍ਹਾਂ ਨੂੰ ਸ਼ਾਹੀ ਕੈਦੀ ਦੀ ਹੈਸੀਅਤ ਵਿਚ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦਿੱਤਾ ਗਿਆ, ਜਿੱਥੇ ਹੋਰ ਰਾਜੇ ਵੀ ਆਪਣੀਆਂ ਸਜ਼ਾਵਾਂ ਦੀਆਂ ਮਿਆਦਾਂ ਭੁਗਤ ਰਹੇ ਸਨ। ਗੁਰੂ ਜੀ ਨੇ ਉਹ ਚੰਗਾ ਭੋਜਨ ਜਿਹੜਾ ਉਨ੍ਹਾਂ ਨੂੰ ਜੇਲ੍ਹ ਵਿਚ ਦਿੱਤਾ ਗਿਆ, ਛਕਣ ਤੋਂ ਨਾਂਹ ਕਰ ਦਿੱਤੀ ਅਤੇ ਉਸ ਸਧਾਰਨ ਖੁਰਾਕ ਉੱਤੇ ਗੁਜ਼ਾਰਾ ਕਰਨਾ ਪਸੰਦ ਕੀਤਾ, ਜਿਹੜੀ ਉਨ੍ਹਾਂ ਦੇ ਸਿੱਖ ਭਾਈ ਪਿਰਾਣਾ ਜੀ ਅਤੇ ਭਾਈ ਜੇਠਾ ਜੀ ਕਿਲ੍ਹੇ ਤੋਂ ਬਾਹਰ ਲੋਹੇ-ਲੱਕੜ ਦਾ ਕੰਮ ਕਰ ਕੇ ਸਖਤ ਘਾਲ ਕਰ ਕੇ ਲਿਆਉਂਦੇ ਸਨ।

ਗੁਰੂ ਜੀ ਦੇ ਕਿਲ੍ਹੇ ਵਿਚ ਜਾਣ ਨਾਲ ਮਹੌਲ ਖੁਸ਼ਨੁਮਾ ਹੋ ਗਿਆ। ਕਿਲ੍ਹੇਦਾਰ ਹਰੀਦਾਸ ਗੁਰੂ ਜੀ ਦਾ ਸੇਵਕ ਬਣ ਗਿਆ। ਥੋੜੇ ਸਮੇਂ ਬਾਅਦ ਹੀ ਜਹਾਂਗੀਰ ਨੇ ਇਹ ਮਹਿਸੂਸ ਕੀਤਾ ਜਾਂ ਸਾਂਈਂ ਮੀਆਂ ਮੀਰ ਜੀ ਵਰਗੇ ਮਹਾਂਪੁਰਖਾਂ ਨੇ ਬਾਦਸ਼ਾਹ ਨੂੰ ਅਹਿਸਾਸ ਕਰਵਾ ਕਿੱਤਾ ਕਿ ਉਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ ਨੂੰ ਕੈਦ ਕਰ ਕੇ ਚੰਗਾ ਕੰਮ ਨਹੀਂ ਕੀਤਾ। ਬਾਦਸ਼ਾਹ ਨੇ ਤੁਰੰਤ ਰਿਹਾਈ ਦਾ ਸੰਦੇਸ਼ ਭੇਜਿਆ ਪਰ ਗੁਰੂ ਜੀ ਨੇ ਰਿਹਾਅ ਹੋਣ ਤੋਂ ਨਾਂਹ ਕਰ ਦਿੱਤੀ ਕਿ ਉਹ ਉਦੋਂ ਤਕ ਰਿਹਾਅ ਨਹੀਂ ਹੋਣਗੇ ਜਦੋਂ ਤਕ ਇੱਥੇ ਪਹਿਲਾਂ ਸਜ਼ਾ ਭੁਗਤ ਰਹੇ ਰਾਜਿਆਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ। ਬਾਦਸ਼ਾਹ ਜਹਾਂਗੀਰ ਨੇ ਕਿਹਾ, ਕਿ "ਠੀਕ ਹੈ, ਮੈਂ ਗੁਰੂ ਜੀ ਦੀ ਇੱਛਾ ਅਨੁਸਾਰ ਰਾਜਿਆਂ ਨੂੰ ਬੰਦੀ ਮੁਕਤ ਕਰਦਾ ਹਾਂ ਪਰ ਮੈਂ ਇਹ ਰਾਜੇ ਗੁਰੂ ਜੀ ਨੂੰ ਸਪੁਰਦ ਕਰਾਂਗਾ ਕਿ ਗੁਰੂ ਜੀ ਉਨ੍ਹਾਂ ਦੇ ਰਾਜ ਭਗਤ ਵਿਹਾਰ ਦੀ ਜਾਮਨੀ ਭਰਨ।" ਜਦੋਂ ਇਹ ਸੰਦੇਸ਼ ਵਜ਼ੀਰ ਲੈ ਕੇ ਪੁੱਜਾ ਤਾਂ ਗੁਰੂ ਜੀ ਨੇ ਸਾਰੇ ਰਾਜਿਆਂ ਦੀਆਂ ਬੇੜੀਆਂ ਕਟਵਾਈਆਂ ਸਨ ਕਿ ਮੁੜ ਸੰਦੇਸ਼ ਆਇਆ ਕਿ ਜਿੰਨੇ ਗੁਰੂ ਜੀ ਦੇ ਚੋਲੇ ਦੀਆਂ ਕੰਨੀਆਂ ਫੜ ਕੇ ਜਾ ਸਕਣ, ਉਹ ਰਿਹਾਅ ਕਰ ਦਿੱਤੇ ਜਾਣਗੇ। ਗੁਰੂ ਜੀ ਨੇ ਕਿਲ੍ਹੇਦਾਰ ਹਰੀਦਾਸ ਨੂੰ ਕਿਹਾ ਕਿ ਉਨ੍ਹਾਂ ਨੂੰ ਬਵਿੰਜਾ ਕਲੀਆਂ ਦੀਆਂ ਲੰਮੀਆਂ ਕੰਨੀਆਂ ਵਾਲਾ ਚੋਲਾ ਬਣਾ ਕੇ ਦੇਵੇ। ਸੋ ਇਸੇ ਤਰ੍ਹਾਂ ਹੋਇਆ। ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੱਟ ਰਹੇ ਹਿੰਦੁਸਤਾਨ ਦੇ ਕੁੱਲ ਬਵਿੰਜਾ ਰਾਜਿਆਂ ਨੂੰ ਗੁਰੂ ਜੀ ਨੇ ਇਕ-ਇਕ ਕੰਨੀ ਫੜਾ ਕੇ ਕਿਲ੍ਹੇ ਵਿੱਚੋਂ ਬਾਹਰ ਲਿਆ ਕੇ ਸੁਤੰਤਰ ਕਰਵਾਇਆ। ਦਿੱਲੀ ਪੁੱਜਣ 'ਤੇ ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਦਾ ਭਰਵਾਂ ਸੁਆਗਤ ਕੀਤਾ। ਸਿੱਖ-ਸੰਗਤਾਂ ਜੋ ਗੁਰੂ ਜੀ ਜੋਂ ਬਿਨ੍ਹਾਂ ਬਹੁਤ ਵੈਰਾਗਵਾਨ ਸਨ ਤੇ ਜਿਹੜੀਆਂ ਕਿਲ੍ਹੇ ਦੀਆਂ ਕੰਧਾਂ ਨੂੰ ਚੁੰਮ-ਚੁੰਮ ਕੇ ਵਾਪਸ ਮੁੜਦੀਆਂ ਸਨ ਜਦੋਂ ਉਨ੍ਹਾਂ ਨੂੰ ਗੁਰੂ ਜੀ ਦੇ ਆਉਣ ਦਾ ਪਤਾ ਲੱਗਾ ਤਾਂ ਹੁੰਮ-ਹੁੰਮਾ ਕੇ ਗੁਰੂ ਜੀ ਦੇ ਪਾਸ ਪੁੱਜ ਗਈਆਂ ਅਤੇ ਨਾਲ ਹੀ ਸ੍ਰੀ ਅੰਮ੍ਰਿਤਸਰ ਵੱਲ ਤੁਰ ਪਈਆਂ।

ਗੁਰੂ ਜੀ ਸਿੱਖਾਂ ਸਮੇਤ ਦੀਵਾਲੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਪੁੱਜੇ। ਗੁਰੂ ਜੀ ਦੇ ਇੱਥੇ ਪੁੱਜਣ ਦੀ ਖੁਸ਼ੀ ਵਿਚ ਸਾਰੇ ਸ਼ਹਿਰ ਵਿਚ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਚ ਦੀਪਮਾਲਾ ਕੀਤੀ ਗਈ। ਰਾਜਿਆਂ ਨੇ ਗੁਰੂ ਜੀ ਨੂੰ ਬੰਦੀ ਛੋੜ ਸੱਚਾ ਪਾਤਸ਼ਾਹ ਕਿਹਾ। ਸੋ ਉਸ ਦਿਨ ਤੋਂ ਲੈ ਕੇ ਹੁਣ ਤਕ ਇਹ 'ਬੰਦੀ ਛੋੜ ਦਿਵਸ' ਪੂਰੇ ਜਾਹ-ਓ-ਜਲਾਲ ਨਾਲ ਮਨਾਇਆ ਜਾਂਦਾ ਹੈ। ਸੰਗਤਾਂ ਭਾਰੀ ਗਿਣਤੀ ਵਿਚ ਹਾਜ਼ਰੀ ਭਰਦੀਆਂ ਹਨ। ਸਿੱਖ ਇਤਿਹਾਸ ਵਿਚ ਇਸ ਦਾ ਵੱਡਾ ਮਹੱਤਵ ਹੈ।

---

# ਬੰਦੀਛੋੜ ਦਿਵਸ: ਇਤਿਹਾਸ ਦੇ ਝਰੋਖੇ ਵਿੱਚੋਂ

ਦੀਵਾਲੀ, ਦੀਪਾਵਲੀ ਜਾਂ ਬੰਦੀਛੋੜ ਦਿਵਸ ਹਿੰਦੁਸਤਾਨ ਦੇ ਪ੍ਰਸਿੱਧ ਤਿਉਹਾਰਾਂ ਵਿੱਚੋਂ ਇਕ ਹੈ। ਇਸ ਨੂੰ ਸਾਰੇ ਹਿੰਦੁਸਤਾਨੀ ਰਲ-ਮਿਲ ਕੇ ਭਾਈਚਾਰਕ ਸਾਂਝ ਦੇ ਪ੍ਰਤੀਕ ਵਜੋਂ ਮਨਾਉਂਦੇ ਹਨ। ਗੁਰੂ ਸਾਹਿਬਾਨ ਤੋਂ ਪਹਿਲਾਂ ਵੀ ਇਹ ਤਿਉਹਾਰ ਬੜੇ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਸੀ ਜਿਸ ਦਾ ਹਵਾਲਾ ਭਾਈ ਗੁਰਦਾਸ ਦੀ ਪੰਕਤੀ ਹੈ:

ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ। (ਵਾਰ ੧੯:੬)

ਸਿੱਖ ਸਮਾਜ ਵਿਚ ਦੀਵਾਲੀ ਨੂੰ ਬੰਦੀਛੋੜ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ ਅਤੇ ਬੰਦੀਛੋੜ ਛੇਵੇਂ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਹਨ। ਗੁਰੂ ਜੀ ਨੇ ਵੀ ਇਹ ਮਹਿਸੂਸ ਕਰ ਲਿਆ ਸੀ ਕਿ ਕੇਵਲ ਭਜਨ-ਬੰਦਗੀ ਹੀ ਇਨਸਾਨੀ ਅਜ਼ਮਤ ਦੀ ਰਾਖੀ ਲਈ ਕਾਫੀ ਨਹੀਂ ਬਲਕਿ ਸ਼ਸਤਰ-ਬੱਧ ਹੋਣਾ ਸਮੇਂ ਦੀ ਲੋੜ ਸੀ। ਉਂਜ ਵੀ ਜਦ ਕੋਈ ਲੋਕ-ਲਹਿਰ ਆਪਣੀ ਮਕਬੂਲੀਅਤ ਦੀ ਸਿਖਰ ਵੱਲ ਵਧਦੀ ਹੈ ਤਾਂ ਹਕੂਮਤ ਦੀ ਉਸ ਵੱਲ ਕੈਰੀ ਅੱਖ ਕੁਦਰਤੀ ਵਰਤਾਰਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਲੋਕ-ਭਲਾਈ ਦੇ ਕੀਤੇ ਜਾ ਰਹੇ ਕੰਮਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਰਾਹੀਂ ਸਿੱਖ ਲਹਿਰ ਨੂੰ ਪ੍ਰਦਾਨ ਕੀਤਾ ਗਿਆ ਸਿਧਾਂਤਕ ਆਧਾਰ ਇਸ ਨੂੰ ਹਰਮਨ ਪਿਆਰਾ ਬਣਾ ਰਹੇ ਸਨ। ਇਸ ਲਹਿਰ ਨੂੰ ਠੱਲ੍ਹ ਪਾਉਣ ਲਈ। ਹਕੂਮਤ ਦਾ ਜ਼ੁਲਮ ਅਤੇ ਜਬਰ ਵਧ ਜਾਣਾ ਕੁਦਰਤੀ ਸੀ। ਇਹ ਇਸ ਜਬਰ ਦਾ ਹੀ ਸਿਖਰ ਸੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਮਗਰੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਵਕਤ ਦੀ ਹਕੂਮਤ (ਜਹਾਂਗੀਰ) ਨੇ ਕੈਦ ਕਰ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ। ਮਗਰੋਂ ਉਸ ਨੂੰ ਆਪਣੇ ਆਪ ਇਸ ਗ਼ਲਤੀ ਦਾ ਅਹਿਸਾਸ ਹੋਣ ਅਤੇ ਸਾਈਂ ਮੀਆਂ ਮੀਰ ਜੀ ਵਰਗੇ ਦਰਵੇਸ਼ਾਂ ਦੇ ਸਮਝਾਉਣ ਦੇ ਸਿੱਟੇ ਵਜੋਂ ਗੁਰੂ ਸਾਹਿਬ ਨੂੰ ਕੈਦ ਤੋਂ ਰਿਹਾਈ ਦੇ ਦਿੱਤੀ ਗਈ। ਸੰਜੋਗ ਵੱਸ ਗਵਾਲੀਅਰ ਦੇ ਕਿਲ੍ਹੇ ਵਿਚ ਪਹਿਲਾਂ ਤੋਂ ਹੀ ਕੁਝ ਹੋਰ ਰਾਜੇ ਕੈਦ ਸਨ, ਜਿਨ੍ਹਾਂ ਤੋਂ ਹਕੂਮਤ ਭੈਅ ਖਾਂਦੀ ਸੀ। ਉਨ੍ਹਾਂ ਨੂੰ ਵੀ ਗੁਰੂ ਜੀ ਨੇ ਕੈਦ ਵਿੱਚੋਂ ਰਿਹਾਅ ਕਰਵਾ ਦਿੱਤਾ। ਉਹ ਸਾਰੇ ਰਾਜੇ ਗੁਰੂ ਜੀ ਨੂੰ ਧੰਨ ਧੰਨ ਕਹਿੰਦੇ ਹੋਏ ਆਪੋ-ਆਪਣੇ ਦੇਸ਼ਾਂ ਨੂੰ ਵਿਦਾ ਹੋ ਗਏ:

ਸ੍ਰੀ ਗੁਰ ਕਹਾ ਇਨੈ ਛਡ ਦੀਜੈ। ਇਨ ਕੈ ਵਸਿ ਨਹਿ ਜੋ ਗਹਿ ਲੀਜੈ।
ਦਯਾ ਸਿੰਧੁ ਤਧ ਦੀਏ ਛਡਾਇ। ਚਲੈ ਦੋਹਿ ਜਿਨ ਪਾਸੁ ਕਟਾਇ।
ਧਨੁ ਧਨੁ ਭਾਖਤ ਭੂਖ ਸਿਧਾਏ। ਹਰਿਗੋਬਿੰਦ ਗੁਰ ਕਾ ਜਸੁ ਗਾਏ।
ਗੁਰ ਚਰਨਨ ਲਗਿ ਭੂਪ ਸਿਧਾਏ। ਨਿਜ ਨਿਜ ਦੇਸ ਗੁਰੂ ਜਸੁ ਗਏ।
(ਗੁਰਬਿਲਾਸ ਪਾ. ਛੇਵੀਂ)



ਗੁਰੂ-ਕਾਲ ਤੋਂ ਬਾਅਦ ਅਰੰਭਲੀ ਅਠਾਰ੍ਹਵੀਂ ਸਦੀ ਦੇ ਪੰਜਾਬ ਦੇ ਇਤਿਹਾਸ ਵਿਚ ਭਾਈ ਮਨੀ ਸਿੰਘ ਦਾ ਸਥਾਨ ਇਕ ਮੋਹਰੀ ਵਿਅਕਤੀ ਦਾ ਹੈ। ਭਾਈ ਸੇਵਾ ਸਿੰਘ ਰਚਿਤ 'ਸ਼ਹੀਦ ਬਿਲਾਸ' ਅਨੁਸਾਰ ਭਾਈ ਮਨੀ ਸਿੰਘ ਦਾ ਜਨਮ ੧੦ ਮਾਰਚ ੧੬੪੭ ਈ. ਮੁਤਾਬਕ ਚੇਤਰ ਸੁਦੀ ੧੨, ੧੭੦੧ ਬਿ. ਨੂੰ ਮੁਲਤਾਨ ਨੇੜੇ ਪਿੰਡ ਅਲੀਪੁਰ ਵਿਖੇ ਭਾਈ ਮਾਈ ਦਾਸ ਦੇ ਗ੍ਰਹਿ ਮਾਤਾ ਮਧਰੀ ਦੀ ਕੁੱਖੋਂ ਹੋਇਆ। ਭਾਈ ਸਾਹਿਬ ਦਾ ਗੁਰੂ-ਘਰ ਨਾਲ ਸੰਬੰਧ ਤੇਰ੍ਹਾਂ ਸਾਲ ਦੀ ਉਮਰ ਤੋਂ ਹੀ ਜੁੜ ਗਿਆ ਅਤੇ ਉਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਰਹਿ ਕੇ ਗੁਰੂ-ਦਰਬਾਰ ਵੱਲੋਂ ਸੌਂਪੀ ਜਾਂਦੀ ਸੇਵਾ ਨੂੰ ਪੂਰੀ ਤਨਦੇਹੀ ਨਾਲ ਨਿਭਾਉਂਦੇ ਰਹੇ। ਭੰਗਾਣੀ ਅਤੇ ਨਾਦੌਣ ਯੁੱਧਾਂ ਵਿਚ ਉਨ੍ਹਾਂ ਇਕ ਬੀਰ ਸਿਪਾਹੀ ਵਜੋਂ ਹਿੱਸਾ ਲਿਆ। ਉਨ੍ਹਾਂ ਦੀ ਸਿਆਸੀ, ਮਾਲੀ, ਪ੍ਰਬੰਧਕੀ ਅਤੇ ਧਾਰਮਿਕ ਸੂਝ ਕਰਕੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਗੁਰੂ-ਘਰ ਦਾ ਦੀਵਾਨ ਨਿਯੁਕਤ ਕਰ ਦਿੱਤਾ। ਭਾਈ ਮਨੀ ਸਿੰਘ ਇਕ ਸੁਚੱਜੇ ਕਥਾਕਾਰ ਅਤੇ ਵਿਆਖਿਆਕਾਰ ਵੀ ਸਨ। ਦਮਦਮਾ ਸਾਹਿਬ ਵਿਖੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਂਵੇਂ ਗੁਰੂ ਜੀ ਦੀ ਬਾਣੀ ਭਾਈ ਸਾਹਿਬ ਪਾਸੋਂ ਬੀੜ ਵਿਚ ਦਰਜ ਕਰਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਅੰਤਿਮ ਰੂਪ ਦਿੱਤਾ। ਇਹ ਬੀੜ ਅੱਜ ਕਲ ਦਮਦਮੀ ਬੀੜ ਨਾਂ ਨਾਲ ਪ੍ਰਚਲਿਤ ਹੈ ਅਤੇ ਗੁਰੂ ਪਦਵੀ ਇਸੇ ਬੀੜ ਨੂੰ ਪ੍ਰਾਪਤ ਹੈ।

ਸੋਢੀ ਹਰਿ ਜੀ ਦੀ ਮ੍ਰਿਤੂ ਤੋਂ ਬਾਅਦ ਮਾਤਾ ਸੁੰਦਰੀ ਨੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਗ੍ਰੰਥੀ ਥਾਪ ਕੇ ਸ੍ਰੀ ਅੰਮ੍ਰਿਤਸਰ ਭੇਜਿਆ। ਮੁਗ਼ਲ ਹਕੂਮਤ ਦੇ ਤਸ਼ੱਦਦ ਕਰ ਕੇ ਕਈਆਂ ਸਾਲਾਂ ਤੋਂ ਇੱਥੇ ਦੀਵਾਲੀ ਅਤੇ ਵੈਸਾਖੀ ਦੇ ਇਕੱਠ ਨਹੀਂ ਸਨ ਹੋ ਸਕੇ। ਭਾਈ ਜੀ ਨੇ ਸੂਬਾ ਲਾਹੌਰ ਨੂੰ ਪੰਜ ਹਜ਼ਾਰ ਰੁਪਏ ਦੇਣੇ ਮੰਨ ਕੇ ਬੰਦੀ ਛੋੜ ਦਿਵਸ (ਦੀਵਾਲੀ) ਦੇ ਜੋੜ-ਮੇਲੇ ਦੀ ਮਨਜ਼ੂਰੀ ਲੈ ਲਈ। ਮੁਗ਼ਲ ਹਕੂਮਤ ਦੇ ਦਿਲ ਵਿਚ ਖੋਟ ਸੀ ਅਤੇ ਉਹ ਇਸ ਇਕੱਠ ਨੂੰ ਸਿੱਖ ਨਸਲਕੁਸ਼ੀ ਦੇ ਇਕ ਮੌਕੇ ਵਜੋਂ ਵਰਤਣਾ ਚਾਹੁੰਦੀ ਸੀ। ਭਾਈ ਮਨੀ ਸਿੰਘ ਜੀ ਨੂੰ ਇਸ ਯੋਜਨਾ ਦਾ ਪਤਾ ਲੱਗ ਗਿਆ ਅਤੇ ਉਨ੍ਹਾਂ ਸੁਨੇਹੇ ਭੇਜ ਕੇ ਬੰਦੀਛੋੜ ਦਿਵਸ (ਦੀਵਾਲੀ) ਦੇ ਜੋੜ-ਮੇਲੇ 'ਤੇ ਹੋਣ ਵਾਲਾ ਇਕੱਠ ਰੋਕ ਦਿੱਤਾ। ਨਤੀਜਾ ਇਹ ਹੋਇਆ ਕਿ ਸ੍ਰੀ ਅੰਮ੍ਰਿਤਸਰ ਵਿਖੇ ਜੋੜ-ਮੇਲਾ ਨਾ ਲੱਗ ਸਕਿਆ ਅਤੇ ਨਾ ਹੀ ਨਿਸ਼ਚਿਤ ਰਕਮ ਤਾਰੀ ਜਾ ਸਕੀ। ਵਾਅਦਾ-ਖ਼ਿਲਾਫੀ ਦਾ ਦੋਸ਼ ਲਾ ਕੇ ਭਾਈ ਜੀ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਜਾਇਆ ਗਿਆ। ਜਦ ਕਈ ਤਰ੍ਹਾਂ ਦੇ ਲੋਭ ਲਾਲਚ ਕੰਮ ਨਾ ਆਏ ਤਾਂ ਓੜਕ ਜ਼ਕਰੀਆਂ ਖਾਂ ਨੇ ਭਾਈ ਮਨੀ ਸਿੰਘ ਜੀ ਦਾ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦੇਣ ਦਾ ਹੁਕਮ ਸੁਣਾਇਆ। ਭਾਈ ਮਨੀ ਸਿੰਘ ਦੀ ਸ਼ਹੀਦੀ ੧੭੩੪ ਈ. ਨੂੰ ਨਖਾਸ ਚੌਂਕ, ਲਾਹੌਰ ਵਿਖੇ ਹੋਈ। ਭਾਈ ਮਨੀ ਸਿੰਘ ਗੁਰੂ-ਘਰ ਦੇ ਅਨਿੰਨ ਸੇਵਕ, ਸੂਰਬੀਰ ਯੋਧੇ, ਕੁਸ਼ਲ ਪ੍ਰਬੰਧਕ ਅਤੇ ਵਿਦਵਾਨ ਵਿਅਕਤੀ ਸਨ ਅਤੇ ਇਨ੍ਹਾਂ ਗੁਣਾਂ ਕਰ ਕੇ ਹੀ ਹਕੂਮਤ ਦੀਆਂ ਅੱਖਾਂ ਵਿਚ ਰੜਕਦੇ ਸਨ। ਮੁਗ਼ਲ ਹਕੂਮਤ ਭਾਈ ਜੀ ਨੂੰ ਸ਼ਹੀਦ ਕਰ ਕੇ ਸਿੱਖ ਕੌਮ ਨੂੰ ਨਿਪੁੰਨ ਆਗੂ ਤੋਂ ਸੱਖਣਾ ਕਰਨਾ ਚਾਹੁੰਦੀ ਸੀ ਅਤੇ ਉਸ ਨੇ ਅਜਿਹਾ ਹੀ ਕੀਤਾ।

-ਡਾ. ਧਰਮ ਸਿੰਘ

ਬੰਦੀ ਛੋੜ ਦਿਵਸ/ਦੀਵਾਲੀ ਵਿਸ਼ੇਸ਼ ਅੰਕ

# Bandi Chhor Divas – Historical Background and Purpose

**Gurpreet Singh, Editor**

Across India, countless festivals are celebrated, among which Diwali holds a special place. This festival has been observed since ancient times and is one of India's most universal celebrations, uniting people of all religions in joy and goodwill.In Sikhism too, there are several important religious and commemorative occasions, such as the Shaheedi Jor Mela, Hola Mohalla, Vaisakhi (Khalsa Creation Day), and many martyrdom days of revered Sikhs which are observed with great devotion.Among these, Sikhs also celebrate Diwali every year — but not in the traditional sense. In the Sikh faith, Diwali is celebrated as "Bandi Chhor Divas" (the Day of Liberation), which has a distinct history rooted in the time of the Sikh Gurus.This day commemorates the release of the sixth Sikh Guru, Sri Guru Hargobind Sahib Ji, from imprisonment. Guru Hargobind Sahib Ji, who led the Sikhs from 1606 to 1644 CE, holds a special place in Sikh history. During his period of leadership, he redefined the Sikh movement, instilling a spirit of self-respect and courage among Sikhs.Guru Ji taught his followers to engage in Naam Simran (meditation on God's name) while also being ready to defend righteousness with the sword when necessary. One of his most notable contributions was the establishment of the Akal Takht Sahib at Amritsar — a monumental step in shaping the Sikh Panth.He inspired Sikhs to become both "Saints and Soldiers" (Sant-Sipahi). During his time, the first conflicts between the Mughal rulers and the Sikhs took place. Despite limited resources, the Sikhs, under his leadership, triumphed in these battles, which greatly boosted their morale. Alarmed by this growing influence, Emperor Jahangir sought to suppress the Sikh community.Out of fear and political pressure, Jahangir deceitfully imprisoned Guru Hargobind Sahib Ji in the Gwalior Fort, where many other princes and rulers were already held captive.When the Sikh community learned of Guru Ji's imprisonment, they became deeply distressed. Prominent Sikhs like Baba Buddha Ji and others led groups of devotees toward Gwalior to plead for Guru Ji's release. Their peaceful mobilization and the intervention of Sufi saint Mian Mir Ji compelled Jahangir to reconsider.Jahangir eventually agreed to release Guru Ji, but Guru Hargobind Sahib Ji refused to leave the fort until all 52 imprisoned kings were freed along with him. Impressed by Guru Ji's compassion and determination, Jahangir ordered the release of all 52 rulers.Because Guru Ji secured the freedom of these prisoners, he became known as "Bandi Chhor Data" — the Liberator of Captives.After nearly two years in captivity, Guru Ji returned to Amritsar. His arrival coincided with the day of Diwali, and the Sikh community celebrated his return with immense joy and devotion. Baba Buddha Ji organized a grand illumination (Deepmala) at Sri Harmandir Sahib (Golden Temple), lighting lamps in ghee. From that time onward, the festival of Diwali has been observed among Sikhs as Bandi Chhor Divas.On this day, special congregations are held at Akal Takht Sahib, where important community matters are discussed and Gurmattas (collective resolutions) are passed — a tradition of great significance in Sikh history. During the time of Bhai Mani Singh Ji, the Mughal ruler Zakariya Khan feared large Sikh gatherings at Harmandir Sahib on Bandi Chhor Divas, suspecting that they might plan revolts. Bhai Mani Singh Ji negotiated permission to hold the festival by agreeing to pay a tax. However, when he learned that Zakariya Khan planned to attack the Sikh congregation, he refused to pay the tax and asked Sikhs not to gather that year. As a result, he was arrested and martyred by being cut joint by joint in Lahore. His sacrifice gave Bandi Chhor Divas a new, sacred meaning — it became not only a festival of freedom but also of martyrdom and courage.According to Gurmat (Sikh teachings), while celebrating Bandi Chhor Divas, Sikhs should resolve to free their minds from evil and ignorance, imbibe the spirit of self-respect and sacrifice, and illuminate not only their surroundings with lamps but also their inner self with the light of Gurbani.



# ਬੰਦੀ ਛੋੜ ਦਿਹਾੜਾ (ਦੀਵਾਲੀ): ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਪੰਜਵੇਂ ਪਾਤਸ਼ਾਹ ਧੰਨ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਛੇਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਬੁੰਗੇ (ਤਖ਼ਤ) ਦੀ ਰਚਨਾ ਕੀਤੀ ਸ਼ਾਮ ਦਾ ਦੀਵਾਨ ਸਜਦਾ, ਢਾਡੀ ਯੋਧਿਆਂ ਦੀਆਂ ਵਾਰਾਂ ਗਾਉਂਦੇ, ਸਿੱਖਾਂ ਨੂੰ ਘੋੜੇ ਸ਼ਸ਼ਤਰ ਜਵਾਨੀਆਂ ਭੇਟ ਕਰਨ ਦਾ ਹੁਕਮ ਕੀਤਾ।ਆਪ ਸ਼ਿਕਾਰ ਖੇਡਦੇ ਸਤਿਗੁਰੂ ਮਹਾਰਾਜ ਦੇ ਇਨ੍ਹਾਂ ਰਾਜਸ਼ਾਹੀ ਕੰਮਾਂ ਦੀ ਸੂਹ ਜਦੋਂ ਜਹਾਂਗੀਰ ਨੂੰ ਮਿਲੀ ਤਾਂ ਉਸਨੇ ਸਤਿਗੁਰਾਂ ਨੂੰ ਪਹਿਲਾਂ ਆਗਰੇ ਬੁਲਾਇਆ। ਬਾਦਸ਼ਾਹ ਦਾ ਰੁਖ਼ ਵੇਖ ਕੇ ਚੰਦੂ ਵਰਗੇ ਗੁਰੂ ਘਰ ਦੇ ਧਰੋਹੀਆਂ ਨੇ ਹੋਰ ਬਲਦੀ 'ਤੇ ਤੇਲ ਪਾਇਆ, ਜਿਸਦਾ ਫਲਸਰੂਪ ਬੜੀ ਸਾਜ਼ਿਸ਼ ਨਾਲ ਗੁਰੂ ਸਾਹਿਬ ਨੂੰ ਗਵਾਲੀਅਰ ਕਿਲ੍ਹੇ ਭੇਜ ਚ ਦਿੱਤਾ।

ਗਵਾਲੀਅਰ ਕਿਲ੍ਹੇ 'ਚ ਉਨ੍ਹਾਂ ਕੈਦੀਆਂ ਨੂੰ ਹੀ ਰੱਖਿਆ ਜਾਂਦਾ ਸੀ ਜੋ ਰਾਜ ਦੇ ਲਈ ਖਤਰਾ ਹੋਣ, ਜੋ ਬਾਗੀ ਹੋਣ। ਕਈ ਰਾਜਪੂਤ ਰਾਜੇ ਪਹਿਲਾਂ ਤੋਂ ਗਵਾਲੀਅਰ ਕੈਦ ਸੀ। ਗਵਾਲੀਅਰ ਕਿਲ੍ਹੇ ਭੇਜਣ ਦਾ ਮਤਲਬ ਮੌਤ ਹੀ ਸੀ ਕਿਉਂਕਿ ਇਸ ਕਿਲ੍ਹੇ 'ਚ ਕੈਦ ਕੋਈ ਵੀ ਕਦੇ ਰਿਹਾਅ ਨਹੀਂ ਹੋਇਆ ਸੀ।ਏਥੇ ਮੌਤ ਹੀ ਮੁਕਤਿ ਕਰਦੀ ਸੀ।

ਪਾਤਸ਼ਾਹ ਦੀ ਗ੍ਰਿਫ਼ਤਾਰੀ ਕਰਕੇ ਗੁਰੂ ਦਰਸ਼ਨਾਂ ਬਿਨਾਂ ਸਿੱਖ ਬੜੇ ਉਦਾਸ ਹੋ ਗਏ।ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਵਰਗੇ ਮਹਾਨ ਗੁਰਮੁਖਾਂ ਨੇ ਸਿੱਖਾਂ ਦੀ ਇਸ ਉਦਾਸੀ ਨੂੰ ਵੇਖ ਕੇ ਵਿਚਾਰ ਕੀਤੀ ਤੇ ਕਿਧਰੇ ਸਿੱਖਾਂ ਦੇ ਅੰਦਰ ਗੁਰੂ ਪਿਆਰ, ਉਤਸ਼ਾਹ, ਚੜ੍ਹਦੀ ਕਲਾ ਢਹਿੰਦੀ ਕਲਾ 'ਚ ਨਾ ਬਦਲ ਜਾਵੇ ਇਸ ਲਈ ਗੁਰੂ ਜੱਸ ਨਾਲ ਭਰੀਆਂ ਚੌਂਕੀਆਂ ਕੱਢਣ ਦੀ ਰੀਤ ਤੋਰੀ।ਚੌਂਕੀਆਂ ਰਾਤ ਦੇ ਸਮੇਂ ਕੱਢੀਆਂ ਜਾਂਦੀਆਂ ਸੀ, ਜਿਨ੍ਹਾਂ 'ਚ ਸਿੱਖ ਰਲਮਿਲ ਕੇ ਗੁਰਸ਼ਬਦ ਕੀਰਤਨ ਕਰਦੇ ਇਹ ਚੌਂਕੀਆਂ ਪਹਿਲਾਂ ਤਾਂ ਅੰਮ੍ਰਿਤਸਰ ਸਾਹਿਬ ਦੇ ਨੇੜੇ ਨੇੜੇ ਫੇਰ ਪੰਜਾਬ ਦੇ ਪਿੰਡਾਂ ਪਿੰਡਾਂ ਵਿੱਚ ਨਿਕਲਦੀਆਂ ਫਿਰ ਬਾਬਾ ਬੁੱਢਾ ਸਾਹਿਬ ਦੀ ਅਗਵਾਈ 'ਚ ਜਥੇ ਗਵਾਲੀਅਰ ਕਿਲੇ ਤੱਕ ਜਾਣੇ ਸ਼ੁਰੂ ਹੋ ਗਏ।ਇਕ ਸਮਕਾਲੀ ਲੇਖਕ ਲਿਖਦਾ ਹੈ ਸਿੱਖ ਗਵਾਲੀਅਰ ਕਿਲ੍ਹੇ ਨੂੰ ਛੂੰਹਦੇ, ਨਮਸਕਾਰਾਂ ਕਰ ਪਰਿਕਰਮਾ ਕਰਦੇ, ਫਿਰ ਵਾਪਸ ਆ ਜਾਂਦੇ ।ਉਧਰ ਚੰਦੂ ਦੁਸ਼ਟ ਨੇ ਸਤਿਗੁਰੂ ਮਹਾਰਾਜ ਨੂੰ ਖਤਮ ਕਰਨ ਲੀ ਇਕ ਖਾਸ ਚੋਲਾ ਤਿਆਰ ਕਰਵਾਇਆ, ਜਿਸ ਨੂੰ ਪਉਣ ਨਾਲ ਸਰੀਰ 'ਤੇ ਜ਼ਹਿਰ ਦਾ ਅਸਰ ਹੋਵੇ। ਏ ਚੋਲਾ ਤੇ ਇਕ ਚਿੱਠੀ ਕਿਲ੍ਹੇ ਦੇ ਦਰੋਗੇ ਹਰਿਦਾਸ ਨੂੰ ਭੇਜੀ ਚਿੱਠੀ 'ਚ ਲਿਖਿਆ ਸੀ ਕਿ ਇਹ ਚੋਲਾ ਕਿਸੇ ਵੀ ਤਰ੍ਹਾਂ ਗੁਰੂ ਜੀ ਨੂੰ ਪਵਾ'ਦੇ। ਜੇ ਤੁਸੀਂ ਮੇਰਾ ਕੰਮ ਕਰ ਦਿਉ ਤਾਂ ਤੁਹਾਨੂੰ ਮੂੰਹ ਮੰਗਿਆ ਇਨਾਮ ਦੇਵਾਂਗਾ ਤੇ ਤੇਰਾ ਅਹੁਦਾ ਵੀ ਉੱਚ ਕਰਵਾ ਦੇਵਾਂਗਾ।

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥

ਅਕਾਲੀ ਬਾਣੀ ਦੇ ਏਨਾਂ ਸ਼ਬਦਾਂ ਅਨੁਸਾਰ ਜਿਸ ਦਿਨ ਤੋਂ ਸਤਿਗੁਰੂ ਮਹਾਰਾਜ ਕਿਲ੍ਹੇ 'ਚ ਆਏ ਕਿਲ੍ਹਾ ਸੁਹਾਵਣਾ ਬਣ ਗਿਆ ਸੀ। ਮੌਤ ਦੇ ਮੂੰਹ ਪਏ ਕੈਦੀ ਰਾਜਿਆਂ ਨੂੰ ਨਵੀਂ ਜ਼ਿੰਦਗੀ ਮਿਲੀ। ਗੁਰੂ ਸਾਹਿਬ ਦੇ ਇਲਾਹੀ ਦੀਦਾਰ ਅੰਮ੍ਰਿਤ ਰੂਪ ਬਚਨ ਸੁਣਦੇ ਦੋਵੇਂ ਵੇਲੇ ਸਤਸੰਗ ਹੁੰਦਾ। ਗੁਰੂ ਸੰਗਤ ਦੇ ਅਸਰ ਨਾਲ ਕਿਲ੍ਹੇ ਦਾ ਦਰੋਗਾ ਵੀ ਗੁਰੂ ਘਰ ਦਾ ਸ਼ਰਧਾਲੂ ਬਣ ਗਿਆ। ਇਸ ਲਈ ਦਰੋਗੇ ਹਰਿਦਾਸ ਨੇ ਚੰਦੂ ਵੱਲੋਂ ਭੇਜੀ ਉਹ ਪੁਸ਼ਾਕ ਤੇ ਚਿੱਠੀ ਸਤਿਗੁਰਾਂ ਦੇ ਚਰਨਾਂ 'ਚ ਰੱਖ ਨਮਸਕਾਰ ਕੀਤੀ। ਮਹਾਰਾਜ ਨੇ ਚਿੱਠੀ ਪੜ੍ਹੀ ਤੇ ਹੱਸ ਪਏ।ਸਮਾਂ ਬੀਤਣ ਲੱਗਾ, ਗ੍ਰਿਫ਼ਤਾਰੀ ਨੂੰ ਕਰੀਬ ਦੋ ਸਾਲ ਤੋਂ ਵੱਧ ਹੋ ਗਏ। ਏਧਰ ਸਾਰੇ ਪੰਜਾਬ 'ਚ ਬਗਾਵਤ ਦਾ ਮਹੌਲ ਬਣਦਾ ਜਾਂਦਾ ਸੀ। ਉਧਰ ਜਹਾਂਗੀਰ ਬਿਮਾਰ ਪੈ ਗਿਆ। ਬੜੇ ਇਲਾਜ ਕਰਨ ਤੋਂ ਬਾਅਦ ਵੀ ਰਾਜ਼ੀ ਨਾ ਹੋਇਆ।ਲਾਹੌਰ ਤੋਂ ਸਾਈਂ ਮੀਆਂ ਮੀਰ ਜੀ ਪਹੁੰਚੇ।ਬੇਗਮ ਨੂਰਜਹਾਂ ਨੇ ਸਾਈਂ ਜੀ ਨੂੰ ਬਾਦਸ਼ਾਹ ਦੀ ਬਿਮਾਰੀ ਬਾਰੇ ਦੱਸਿਆ। ਸਾਈਂ ਜੀ ਨੇ ਕਿਹਾ, 'ਖ਼ੁਦਾ ਨੂੰ ਕੈਦ ਕਰ ਕੇ ਸੁਖ ਭਾਲਦੇ ਹੋ ? ਇਹ ਤੇ ਉਨ੍ਹਾਂ ਦੀ ਰਹਿਮਤ ਸਮਝੋ ਕਿ ਅਜੇ ਤੱਕ ਤੁਹਾਡਾ ਰਾਜ-ਭਾਗ ਗਰਕ ਨਹੀਂ ਹੋ ਗਿਆ। ਗੁਰੂ-ਘਰ ਦਾ ਸ਼ਰਧਾਲੂ ਵਜ਼ੀਰ ਖਾਂ ਵੀ ਰਿਹਾਈ ਲਈ ਪੂਰਾ ਜ਼ੋਰ ਲਗਾ ਲਿਆ ਸੀ।ਸਾਂਈ ਜੀ ਦੇ ਆਉਣ ਨਾਲ ਉਸ ਨੂੰ ਹੋਰ ਆਸ ਬੱਝੀ। ਜਹਾਂਗੀਰ ਆਪ ਵੀ ਬੜਾ ਦੁਖੀ ਸੀ।ਰਾਤ ਨੂੰ ਸੁੱਤਾ ਵੀ ਡਰ ਨਾਲ ਤੱਪਕ ਉਠਦਾ। 'ਸੂਰਜ ਪ੍ਰਕਾਸ਼' 'ਚ ਜ਼ਿਕਰ ਜਹਾਂਗੀਰ ਨੂੰ ਸੁਪਨੇ 'ਚ ਸ਼ੇਰ ਦਿਖਾਈ ਦਿੰਦੇ ਪਰ ਡਰਿਆ ਹੋਇਆ ਬਾਦਸ਼ਾਹ ਜਦੋਂ ਗੁਰੂ ਸਾਹਿਬ ਨੂੰ ਚੇਤੇ ਕਰਦਾ ਤਾਂ ਸ਼ੇਰ ਪਿਛੇ ਹਟ ਜਾਂਦੇ।ਏਦਾਂ ਕਈ ਵਾਰ ਹੋਇਆ। ਕਈ ਮੰਤ੍ਰ ਜੰਤ੍ਰ ਵਰਤੇ ਪਰ ਹੋਰ ਚਾਰਾ ਨਾ ਚੱਲਦਾ ਵੇਖ ਜਹਾਂਗੀਰ ਨੇ ਸਤਿਗੁਰਾਂ ਨੂੰ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ। ਸਤਿਗੁਰਾਂ ਦੀ ਰਿਹਾਈ ਬਾਰੇ ਸੁਣ ਕੈਦੀ ਰਾਜੇ ਪਹਿਲਾਂ ਬੜੇ ਖ਼ੁਸ਼ ਹੋਏ। ਪਰ ਫਿਰ ਰੋਣ ਲੱਗ ਪਏ। ਹੱਥ ਜੋੜੇ ਬੇਨਤੀ ਕੀਤੀ ਮਹਾਰਾਜ ਤੁਹਾਡੇ ਆਉਣ ਨਾਲ ਸਾਨੂੰ ਨਵੀਂ ਜ਼ਿੰਦਗੀ ਮਿਲੀ ਹੈ, ਤੁਸੀਂ ਚਲੇ ਗਏ ਤਾਂ ਅਸੀਂ ਫਿਰ ਉਸੇ ਨਰਕਾਂ 'ਚ ਜਾ ਪੈਣਾ! ਕਿਰਪਾ ਕਰੋ ਜਾਂ ਸਾਨੂੰ ਵੀ ਰਿਹਾਅ ਕਰਵਾਉਣ ਜਾਂ ਸਾਨੂੰ ਛੱਡ ਕੇ ਨਾ ਜਾਉ... ਰਾਜਿਆਂ ਦੀ ਹਾਲਤ ਵੇਖ ਤਰਲੇ ਸੁਣ ਗੁਰਦੇਵ ਨੇ ਬਾਦਸ਼ਾਹ ਨੂੰ ਸੁਨੇਹਾ ਭੇਜਿਅਆ ਕਿ ਅਸੀ ਇੱਕਲੇ ਰਿਹਾਅ ਨਹੀਂ ਹੋਣਾ ਜੇ ਸਾਨੂੰ ਰਿਹਾਅ ਕਰਨਾ ਤਾਂ ਸਾਰੇ ਕੈਦੀ ਨੂੰ ਰਿਹਾਅ ਕਰੋ। ਜਹਾਂਗੀਰ ਪਹਿਲਾਂ ਤਾਂ ਨਾ ਮੰਨਿਅਆ, ਪਰ ਸਤਿਗੁਰੂ ਜੀ ਨੂੰ ਹੋਰ ਕੈਦ 'ਚ ਰੱਖਣਾ ਵੀ ਔਖਾ ਸੀ। ਸਾਰੇ ਰਾਜਿਆਂ ਨੂੰ ਰਿਹਾਅ ਕਰਨ ਦੀ ਗੱਲ ਸੁਣ ਜਹਾਂਗੀਰ ਸੋਚੀਂ ਪੈ ਗਿਆ।ਜੇ ਰਾਜੇ ਰਿਹਾਅ ਕਰ ਦਿੱਤੇ ਤਾਂ ਕਿਧਰੇ ਬਾਗੀ ਨਾ ਹੋ ਜਾਣ। ਸਾਰੇ ਰਾਜੇ ਮਿਲ ਕੇ ਨੁਕਸਾਨ ਕਰ ਸਕਦੇ ਹਨ। ਲੰਬੀ ਸੋਚ ਵਿਚਾਰ ਤੋਂ ਬਾਅਦ ਜਹਾਂਗੀਰ ਨੇ ਨੀਤੀ ਵਰਤੀ ਹੁਕਮ ਕੀਤਾ, ਰਾਜੇ ਦੋ ਸ਼ਰਤਾਂ 'ਤੇ ਰਿਹਾਅ ਹੋ ਸਕਦੇ ਹਨ, ਇਕ ਤੇ ਓਨੇ ਹੀ ਰਾਜੇ ਰਿਹਾ ਹੋਣਗੇ ਜੋ ਸਤਿਗੁਰਾਂ ਦੇ ਚੋਲੇ ਦਾ ਲੜ ਫੜ ਕੇ ਬਾਹਰ ਆ ਜਾਣ, ਦੂਸਰਾ ਜੋ ਰਾਜੇ ਰਿਹਾਅ ਹੋਣਗੇ ਉਨ੍ਹਾਂ ਦੀ ਜ਼ਿੰਮੇਵਾਰੀ ਗੁਰੂ ਸਾਹਿਬ ਦੀ ਹੋਵੇਗੀ। ਸਤਿਗੁਰਾਂ ਨੇ ਦੋਵੇਂ ਗੱਲਾਂ ਮੰਨ ਲਈਆਂ। ਰਾਜਿਆਂ ਦੀ ਗਿਣਤੀ ਕਰਕੇ ਖਾਸ 52 ਕਲੀਆਂ ਵਾਲਾ ਚੋਲਾ ਤਿਆਰ ਕਰਾਇਆ।ਸਤਿਗੁਰਾਂ ਨੇ 52 ਕਲੀਆਂ ਵਾਲਾ ਚੋਲਾ ਗਲ ਪਾਇਆ ਤੇ ਸਾਰੇ ਕੈਦੀ ਰਾਜੇ ਚੋਲੇ ਦੀ ਇਕ ਇਕ ਕਲੀ ਫੜ ਕਿਲ੍ਹੇ 'ਚੋਂ ਬਾਹਰ ਆਏ।ਏਹ ਦ੍ਰਿਸ਼ ਦੇਖਣ ਹੀ ਵਾਲਾ ਸੀ।ਅੱਜ ਪਹਿਲੀ ਵਾਰ ਜਿਉਂਦੇ ਕੈਦੀ ਗਵਾਲੀਅਰ ਕਿਲ੍ਹੇ 'ਚੋ ਬਾਹਰ ਆਏ ਸੀ।ਉਹਨਾਂ ਕਈ ਸਾਲਾਂ ਬਾਅਦ ਅੱਜ ਬਾਹਰ ਦੀ ਹਵਾ ਵੇਖੀ। ਜਦੋ ਜਹਾਂਗੀਰ ਨੂੰ ਸਤਿਗੁਰੂ ਦੇ ਇਸ ਕੌਤਕ ਬਾਰੇ ਪਤਾ ਲਗਾ ਤਾਂ ਓਹ ਹੈਰਾਨ ਰਹਿ ਗਿਆ, ਉਹਨੇ ਸੋਚਿਆ ਵੀ ਨਹੀਂ ਸੀ ਕਿ ਏਦਾਂ ਵੀ ਹੋ ਸਕਦਾ ਸਾਰੇ ਰਾਜੇ ਰਿਹਾ ... ਮੌਤ ਦੇ ਮੂੰਹ 'ਚ ਪਏ 52 ਬੰਦੀ ਰਾਜਿਆਂ ਛੁੜਾ ਕੇ ਜਦੋ ਸਤਿਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਕਰੀਬ 27 ਮਹੀਨਿਅਆਂ (2 ਸਾਲ 3 ਮਹੀਨੇ) ਬਾਦ ਕਿਲ੍ਹੇ 'ਚੋਂ ਬਾਹਰ ਆਏ ਤਾਂ ਸੰਗਤ ਨੇ 'ਬੰਦੀ ਛੋੜ ਦਾਤਾ' ਕਹਿ ਕੇ ਸਿਰ ਝੁਕਾਇਆ। ਸਮੂਹ ਸਿੱਖ ਜਗਤ 'ਚ ਖੁਸ਼ੀਆਂ ਮਨਾਈਆਂ ਗਈਆਂ।ਜੈ- ਜੈਕਾਰ ਹੋਈ। ਘਿਓ ਤੇਲ ਦੇ ਦੀਵੇ ਜਗਾਏ ਗਏ। ਧੰਨ ਗੁਰੂ ਨਾਨਕ ਸਾਹਿਬ ਮਹਾਰਾਜ ਦਾ ਸ਼ੁਕਰਾਨਾ ਕਰਦਿਆਂ ਅਰਦਾਸਾਂ ਹੋਈਆਂ। ਗਵਾਲੀਅਰ ਕਿਲ੍ਹੇ 'ਚ ਇਤਿਹਾਸ ਅਸਥਾਨ ਗੁਰਦੁਆਰਾ ਦਾਤਾ ਬੰਦੀ ਛੋੜ ਪਾਤਸ਼ਾਹ ਛੇਵੀਂ ਬਣਿਆ ਹੋਇਆ ਹੈ। ਮੀਰੀ ਪੀਰੀ ਦੇ ਦੋ ਨਿਸ਼ਾਨ ਸਾਹਿਬ ਝੂਲਦੇ ਹਨ।ਗੁਰੂ ਘਰ ਦੇ ਨਾਲ ਹੀ ਪਾਵਨ ਸਰੋਵਰ ਵੀ ਬਣਿਆ ਹੋਇਆ ਹੈ।

ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥(ਮਹਲਾ : ੫)

ਸਤਿਗੁਰ ਬੰਦੀਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ ॥(ਭਾਈ ਗੁਰਦਾਸ ਜੀ)

ਗੁਰੂ ਗੋਬਿੰਦ ਸਿੰਘ ਮਹਾਰਾਜ ਤੋਂ ਬਾਅਦ ਗੁਰਮਤਾ ਕਰਨ ਦੇ ਲਈ ਦੀਵਾਲੀ ਅਤੇ ਵਿਸਾਖੀ ਨੂੰ ਸਰਬੱਤ ਖਾਲਸਾ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਇਕੱਤਰ ਹੁੰਦਾ ਸੀ । ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਵੀ ਦੀਵਾਲੀ ਨਾਲ ਸਬੰਧਿਤ ਹੈ। ਹੋਰ ਬਹੁਤ ਸਾਰਾ ਇਤਿਹਾਸ ਦੀਵਾਲੀ ਬੰਦੀ ਛੋੜ ਨਾਲ ਸੰਬੰਧਿਤ ਹੈ।ਕਲਗੀਧਰ ਪਿਤਾ ਵੱਲੋਂ ਨੁਸ਼ਹਿਰੇ ਦੇ ਸੰਗਤ ਦੇ ਨਾਮ ਦੀਵਾਲੀ ਸਮੇਂ ਅਉਣ ਦਾ ਹੁਕਮਨਾਮਾ ਵੀ ਮਿਲਦਾ ਹੈ।ਮੀਰੀ ਪੀਰੀ ਦੇ ਮਾਲਕ ਦਾ 52 ਕਲੀਆਂ ਵਾਲਾ ਚੋਲਾ ਅੱਜ ਵੀ ਪਿੰਡ ਘੁਡਾਣੀ ਕਲਾਂ (ਜ਼ਿਲ੍ਹਾ ਲੁਧਿਆਣਾ) ਗੁਰੂ ਘਰ ਸੰਭਾਲ ਕੇ ਰੱਖਿਆ ਹੋਇਆ ਹੈ। ਸੰਗਤ ਦਰਸ਼ਨ ਕਰਦੀ ਹੈ।

***ਮੀਰੀ ਪੀਰੀ ਦੇ ਮਾਲਕ ਧੰਨ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦਾਤਾ ਬੰਦੀ ਛੋੜ ਜੀ ਦੇ ਗਵਾਲੀਅਰ ਕਿਲੇ 'ਚੋਂ 52 ਰਾਜਿਆਂ ਸਮੇਤ ਰਿਹਾਅ ਹੋਣ 'ਤੇ ਬੰਦੀ ਛੋੜ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ!!***



**ਮੇਜਰ ਸਿੰਘ, ਉਪ ਸੰਪਾਦਕ**

ਬੰਦੀ ਛੋੜ ਦਿਵਸ/ਦੀਵਾਲੀ ਵਿਸ਼ੇਸ਼ ਅੰਕ

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ: ਗਵਾਲੀਅਰ ਕਿਲ੍ਹੇ ਦੀ ਗਾਥਾ

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਰਤਾਗੱਦੀ ’ਤੇ ਬਿਰਾਜਮਾਨ ਹੋਏ ਤਾਂ ਜੀਵਨ-ਸ਼ੈਲੀ ਵਿਚ ਨਵੀਂ ਵਿਉਂਤਬੰਦੀ ਕਰਨੀ ਪਈ। ਸਾਵਧਾਨੀ ਹਿੱਤ ਇਕ ਸੈਨਿਕ ਸ਼ਕਤੀ ਉਸਾਰਨ ਦੀ ਲੋੜ ਪੈਦਾ ਹੋਈ। ਪੀਰੀ ਦੇ ਸੰਕਲਪ ਦੇ ਨਾਲ ਨਾਲ ਮੀਰੀ ਦਾ ਸੰਕਲਪ ਹੋਂਦ ਵਿਚ ਆ ਗਿਆ। ਸ਼ਾਸਤਰ ਸਿੱਖਿਆ ਦੇ ਨਾਲ ਨਾਲ ਸ਼ਸਤਰਾਂ ਦੀ ਸਿਖਲਾਈ ਦਿੱਤੀ ਜਾਣ ਲੱਗੀ। ਬਲਵਾਨ ਫੁਰਤੀਲੇ ਘੋੜੇ, ਤੇਜ਼ ਤਲਵਾਰਾਂ ਨੇਜ਼ੇ ਤੇ ਭਾਲੇ ਅਰਪਣ ਹੋਣ ਲੱਗੇ। ਭਗਤੀ ਦੇ ਨਾਲ ਨਾਲ ਬਾਹੂ-ਬਲ, ਸ਼ਕਤੀ ਦਾ ਪਰਗਟਾਓ ਪ੍ਰਚੰਡ ਹੋਣ ਲੱਗਾ।

ਸ਼੍ਰੋਮਣੀ ਕਵੀ ਭਾਈ ਸੰਤੋਖ ਸਿੰਘ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਲਿਖਦੇ ਹਨ ਕਿ ਗੁਰੂ-ਘਰ ਦਾ ਕੱਟੜ ਵਿਰੋਧੀ ਚੰਦੂ ਸ਼ਾਹ ਦੀਵਾਨ ਦਵੈਸ਼ ਭਾਵਨਾ ਨਾਲ ਓਤਪੋਤ ਸੀ। ਉਸ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਤੇਜ਼-ਪਰਤਾਪ ਵਧਦਾ ਦਿੱਸਿਆ ਤਾਂ ਉਸ ਨੇ ਗੁਰੂ ਸਾਹਿਬ ਦੇ ਬਰਖ਼ਿਲਾਫ ਸਾਜ਼ਿਸ ਰਚੀ ਤੇ ਬਾਦਸ਼ਾਹ ਜਹਾਂਗੀਰ ਦੇ ਕੰਨ ਭਰੇ- ਬਾਦਸ਼ਾਹ ਸਲਾਮਤ! ਆਪ ਦੇ ਨਿਆਂਕਾਰੀ ਜਹਾਂਗੀਰੀ ਰਾਜ ਦੇ ਸੂਬਾ ਲਾਹੌਰ ਵਿਚ ਹਾਲਾਤ ਸਮਾਨਯ ਨਹੀਂ ਹਨ। ਇਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ’ਤੇ ਨੌਜਵਾਨ, ਗੁਰੂ ਸਪੁੱਤਰ ਸ੍ਰੀ (ਗੁਰੂ) ਹਰਿਗੋਬਿੰਦ ਬਿਰਾਜਮਾਨ ਹਨ। ਉਨ੍ਹਾਂ ਦੇ ਹੈਰਾਨਕੁੰਨ ਹੁਕਮਾਂ ਅਤੇ ਅਜਬ ਕਾਰ-ਵਿਹਾਰ ਬਾਰੇ ਲਾਹੌਰ ਤੋਂ ਖ਼ਬਰਾਂ ਆਈਆਂ ਹਨ ਕਿ ਉੱਥੇ ਨਵੀਂ ਤਰ੍ਹਾਂ ਦੀ ਤਰਕੀਬ ਰਚ ਲਈ ਗਈ ਹੈ; ਗੁਰਤਾਗੱਦੀ ਦਾ ਨਾਮ ਤਖਤ ਫਰਮਾਇਆ ਹੈ। ਬਿਰਾਜਮਾਨ ਛੇਵੇਂ ਗੁਰੂ ਦਾ ਧਿਆਨ ਜ਼ਿਆਦਾਤਰ, ਸ਼ਸਤਰ ਵਿੱਦਿਆ ’ਤੇ ਕੇਂਦਰਿਤ ਹੈ। -ਤਜਯੋ ਫਕੀਰੀ ਕੋ ਬਹੁ ਭੇਸ ਉਸ ਨੇ ਕਦੀਮੀਂ ਚਲਿਆ ਆਉਂਦਾ ਫਕੀਰੀ ਲਿਬਾਸ ਤਿਆਗ ਦਿੱਤਾ ਹੈ ਤੇ ਸ਼ਸਤਰਧਾਰੀ ਤੇ ਸ਼ਾਹੀ ਸਰੂਪ ਧਾਰਨ ਕਰ ਲਿਆ ਹੈ। ਹਜ਼ੂਰ! ਉਹ ਬਾ-ਖਾਸੂਸ ਬਾਦਸ਼ਾਹਿਤ ਦੀ ਬਰਾਬਰੀ ਕਰਨਾ ਚਾਹੁੰਦਾ ਹੈ। ਜੰਗ ਕਰਨ ਦੇ ਮਨਸੂਬੇ ਨਾਲ ਸੈਨਾ ਤਿਆਰ ਹੋ ਰਹੀ ਹੈ। ਛੇਵਾਂ ਗੁਰੂ ਦਿਨ-ਬ-ਦਿਨ ਤਰ੍ਹਾਂ ਤਰ੍ਹਾਂ ਦੇ ਸੂਰਮੇ ਇਕੱਤਰ ਕਰ ਰਿਹਾ ਹੈ। ਅੰਮ੍ਰਿਤਸਰ ਦੀ ਸੁਰੱਖਿਆ ਲਈ ਕਿਲ੍ਹਾ ਤਾਮੀਰ ਹੋ ਚੁੱਕਿਆ। ਇੱਥੇ ਹੀ ਬੱਸ ਨਹੀਂ -ਕਹਿਵਾਵਨਿ ਲਾਗਯੋ ਪਾਤਸ਼ਾਹੂ- ਉਹ ਆਪਣੇ ਆਪ ਨੂੰ ‘ਪਾਤਸ਼ਾਹ’ ਅਖਵਾਉਣ ਲੱਗ ਪਿਆ ਹੈ। ਜੰਗੀ ਮਸ਼ਕਾਂ ਸ਼ੁਰੂ ਹਨ। ਹੇ ਬਾਦਸ਼ਾਹ ਸਲਾਮਤ! ਅਜਿਹਾ ਨਾ ਹੋਵੇ ਕੱਲ੍ਹ ਨੂੰ ਕੋਈ ਬਖੇੜਾ ਖੜ੍ਹਾ ਹੋ ਜਾਵੇ। ਆਪ ਜਾਂ ਤਾਂ ਸੈਨਾ ਦੀ ਚੜ੍ਹਾਈ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਵੋ ਜਾਂ ਫਿਰ ਕੋਈ ਮੁਹਤਬਰ, ਸੂਝਵਾਨ ਬੰਦਾ ਭੇਜ ਕੇ ਉਨ੍ਹਾਂ ਨੂੰ ਆਪਣੇ ਪਾਸ ਦਿੱਲੀ ਦਰਬਾਰ ਬੁਲਾ ਲਿਆ ਜਾਵੇ; ਇਸ ਤਰ੍ਹਾਂ -ਦਬਯੋ ਰਹੇ ਨਹੀਂ ਦੂੰਦ ਉਠਾਵੈ- ਉਹ ਮੁਗ਼ਲ ਸਾਮਰਾਜ ਦੇ ਪ੍ਰਭਾਵ ਹੇਠ ਰਹਿਣਗੇ।

**ਮੁਗ਼ਲ ਪ੍ਰਸ਼ਾਸਨ ਦਾ ਰੋਲ:** ਮਹਿਮਾ ਪ੍ਰਕਾਸ਼ ਅਤੇ ਮਹਿਮਾ ਪ੍ਰਕਾਸ਼ (ਵਾਰਤਕ) ਜੋ ਸਿੱਖ ਇਤਿਹਾਸ ਦੇ ਪੁਰਾਤਨ ਪ੍ਰਮਾਣਿਕ ਸ੍ਰੋਤ ਮੰਨੇ ਜਾਦੇ ਹਨ, ਇਨ੍ਹਾ ਸ੍ਰੋਤਾਂ ਨੇ ਗੁਰੂ ਸਾਹਿਬ ਨੂੰ ਕਿਲੇ੍ਹ ਅੰਦਰ ਡੱਕਣ ਦਾ ਕਾਰਨ ਮਹਿਜ ਚੰਦੂ ਸ਼ਾਹ ਦੀਵਾਨ ਦਾ ਹੱਥ ਨਹੀਂ, ਸਗੋਂ ਇਸਲਾਮੀ ਕੂਟਨੀਤੀ ਦੱਸਿਆ ਹੈ। ਇਨ੍ਹਾਂ ਸ੍ਰੋਤਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਕਿਲ੍ਹੇ ’ਚ ਕੈਦ ਕਰਨ ਦਾ ਕਾਰਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕੀਤੇ ਜੁਰਮਾਨੇ ਦੀ ਰਕਮ ਨਾ ਅਦਾ ਕਰਨਾ ਦਰਸਾਇਆ।

ਮਹਿਮਾ ਪ੍ਰਕਾਸ਼ ਦਾ ਕਰਤਾ ਗੁਰੂ ਸਾਹਿਬ ਦੇ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰਨ ਦੇ ਪ੍ਰਸੰਗ ਨੂੰ ਉਸ ਰਹਿੰਦੇ ਜੁਰਮਾਨੇ ਵਾਲੀ ਗੱਲ ਨਾਲ ਜੋੜ ਕੇ ਅੱਗੇ ਵਿਖਿਆਨ ਕਰਦਾ ਹੋਇਆ ਪੁਸ਼ਟੀ ਕਰਦਾ ਲਿਖਦਾ ਹੈ- ਅਕਬਰ ਦੀ ਮੌਤ ਤੋਂ ਬਾਅਦ ਦੇਸ਼ ਦੇ ਹਾਲਾਤ ਖਰਾਬ ਹੋ ਗਏ ਤਾਂ ਬਾਦਸ਼ਾਹ ਜਹਾਂਗੀਰ ਨੂੰ ਕਾਬਲ ਕੰਧਾਰ ਵੱਲ ਜਾਣਾ ਪਿਆ। ਫਿਰ ਉਹ ਵਾਪਸੀ ਵੇਲੇ ਲਾਹੌਰ ਆਇਆ ਤਾਂ ਉਸ ਨੇ ਹੁਕਮ ਫਰਮਾਇਆ- ਅਸੀਂ ਹੁਣ ਅੱਗੇ ਰਾਜਧਾਨੀ ਆਗਰਾ ਜਾਣਾ ਹੈ, ਮੁਲਕ ਵਿਚ ਜੋ ਵਸੂਲ ਹੋਣ ਜੋਗ ਉਗਰਾਹੀ ਬਾਕੀ ਹੈ ਤੁਰੰਤ ਉਗਰਾਹੀ ਜਾਵੇ। ਤਾਂ ਉਸ ਦੇ ਅਧਿਕਾਰੀਆਂ ਨੇ ਸਾਰੀ ਰਕਮ ਉਗਰਾਹਣ ਦਾ ਪ੍ਰਬੰਧ ਕਰ ਕੇ ਉਨ੍ਹਾਂ ਨੇ ਗੁਰੂ-ਘਰ ਜ਼ਿੰਮੇ ਰਹਿੰਦੀ ਬਕਾਇਆ ਰਕਮ ਦਾ ਵੇਰਵਾ ਵੀ ਬਾਦਸ਼ਾਹ ਕੋਲ ਲਿਖ ਕੇ ਦਿੱਤਾ। ਉਨ੍ਹਾਂ ਦੱਸਿਆ ਕਿ ਇਹ ਰਕਮ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਰਨੀ ਸੀ, ਉਹ ਅਜੇ ਅਦਾ ਕਰਨੀ ਬਾਕੀ ਹੈ। ਬਾਦਸ਼ਾਹ ਨੇ ਸੁਣ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਉਸੀ ਵਕਤ ਲਾਹੌਰ ਬੁਲਾ ਲਿਆ। ਗੁਰੂ ਜੀ ਹਾਜ਼ਰ ਹੋਏ ਤਾਂ ਉਨ੍ਹਾਂ ਦਾ ਜਾਹੋ ਜਲਾਲ, ਸ਼ਾਹੀ ਲਿਬਾਸ, ਹੇਠ ਇਰਾਕੀ ਘੋੜਾ ਤੇ ਮਹਿੰਗੇ ਗਹਿਣੇ ਵਸਤਰ ਸ਼ਸਤਰ ਵੇਖ ਕੇ ਮੁਗ਼ਲ ਦਰਬਾਰ ਦੇ ਹਾਕਮ ਸਾਰੇ ਹੱਕੇ-ਬੱਕੇ ਰਹਿ ਗਏ। ਬਾਦਸ਼ਾਹ ਖੁਦ ਵੀ, ਗੁਰੂ ਜੀ ਦੀ ਇਸ ਕਦਰ ਸ਼ਾਨੋ-ਸ਼ੌਕਤ ਵੇਖ ਕੇ ਵੱਟ ਖਾ ਗਿਆ। ਜਦ ਗੁਰੂ ਜੀ ਨੂੰ ਰਕਮ ਦੇਣ ਲਈ ਕਿਹਾ ਗਿਆ ਤਾਂ ਗੁਰੂ ਜੀ ਨੇ ਰਕਮ ਦੇਣ ਤੋਂ ਜਵਾਬ ਦੇ ਦਿੱਤਾ। ਉਸ ਵੇਲੇ ਇਕ ਵੱਡੀ ਸਾਜਿਸ਼ ਤਹਿਤ ਅਮੀਰਾਂ-ਵਜ਼ੀਰਾਂ ਮਸਲਤ ਕੀਤੀ ਤੇ ਬਾਦਸ਼ਾਹ ਅੱਗੇ ਅਰਜ਼ ਕੀਤੀ-ਬਾਦਸ਼ਾਹ ਸਲਾਮਤ ਸਾਰਾ ਮੁਲਕ ਆਪ ਦੀ ਬਾਦਸ਼ਾਹਿਤ ਦੇ ਅਧੀਨ ਹੈ। ਇਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬਹੁਤ ਹੀ ਬਲੀ ਬਲਵਾਨ ਹਨ। ਥੋੜੇ ਚਿਰ ਵਿਚ ਹੀ ਵੱਡੀ ਫੌਜੀ ਸ਼ਕਤੀ ਹਾਸਲ ਕਰ ਗਏ ਹਨ। ਬਹੁਤ ਮੁਰੀਦ ਇਨ੍ਹਾਂ ਦੇ ਦਰਸ਼ਨਾਂ ਲਈ ਆਉਂਦੇ ਹਨ। ਇਹ ਜਦ ਵੀ ਚਾਹੁਣ ਇਧਰ ਬਖੇੜਾ ਖੜ੍ਹਾ ਕਰ ਸਕਦੇ ਹਨ। ਇਸ ਲਈ ਇਨ੍ਹਾਂ ’ਤੇ ਚੌਕੀ ਨਾਫਿਜ਼ ਕਰ ਦਿੱਤੀ ਜਾਵੇ। ਇਨ੍ਹਾਂ ਨੂੰ ਸਰਕਾਰ ਦੀ ਨਿਗਰਾਨੀ ਹੇਠ ਰੱਖਿਆ ਜਾਵੇ। ਤੁਸੀਂ ਇਨ੍ਹਾਂ ਨੂੰ ਆਪਣੇ ਨਾਲ ਹੀ ਰੱਖੋ; ਅਜ਼ਾਦਾਨਾ ਨਾ ਰਹਿਣ ਦਿਉ-। ਬਾਦਸ਼ਾਹ ਨੇ ਦਿੱਲੀ ਵੱਲ ਕੂਚ ਕੀਤਾ ਤਾਂ ਉਸ ਵੇਲੇ ਗੁਰੂ ਜੀ ਨੂੰ ਵੀ ਨਾਲ ਲੈ ਗਏ। ਉਸ ਤੋਂ ਅੱਗੇ ਬਾਦਸ਼ਾਹ, ਗੁਰੂ ਜੀ ਨੂੰ ਨਾਲ ਲੈ ਕੇ ਅੱਗੇ ਆਗਰਾ ਚਲਾ ਗਿਆ। ਉੱਥੇ ਵੀ ਦੂਰੋ-ਦੂਰੋਂ ਸੰਗਤਾਂ ਆਉਂਦੀਆਂ। ਸਾਰੇ ਸਿੱਖ ਸੇਵਕ ਗੁਰੂ ਜੀ ਨੂੰ ਮਿਲਦੇ ਤਾਂ ਉਹ ਉਨ੍ਹਾਂ ਨੂੰ ‘ਸੱਚਾ ਪਾਤਸ਼ਾਹ” ਕਹਿ ਕੇ ਪੁਕਾਰਦੇ। ਬਾਦਸ਼ਾਹ ਗੁਰੂ ਦੀ ਉਪਮਾ ਵੇਖ ਕੇ ਮਨ ਹੀ ਮਨ ਦੁਖੀ ਹੁੰਦਾ। ਮਹਿਮਾ ਪ੍ਰਕਾਸ਼ ਵਾਰਤਕ ਦਾ ਲੇਖਕ ਅੱਗੇ ਲਿਖਦਾ ਹੈ- ਤਬ (ਬਾਦਸ਼ਾਹ ਦੇ ਸਲਾਹਕਾਰਾਂ ਨੇ) ਪਾਤਸ਼ਾਹ (ਬਾਦਸ਼ਾਹ) ਨੂੰ ਮਸ਼ਵਰਾ ਦੀਆ; ਜੇ ਗੁਰੂ ਜੀ ਨੂੰ ਬਿਦਿਆ ਨਹੀਂ ਕਰਨੀ ਹੈ ਤਾਂ ਇਨ੍ਹਾਂ ਨੂੰ ਗੁਆਲੇਰ (ਗਵਾਲੀਅਰ) ਭੇਜ ਦੀਜੀਐ, ਈਹਾਂ ਕੌਣ ਇਨ ਕੀ ਨਿਗਾਹਬਾਨੀ ਕਰ ਸਕੇਗਾ। ਤਬ ਪਾਤਸ਼ਾਹ (ਬਾਦਸ਼ਾਹ) ਨੇ ਗੁਰੂ ਜੀ ਨੂੰ ਗਵਾਲੀਅਰ ਕਿਲ੍ਹੇ ਅੰਦਰ ਭਿਜਵਾ ਦੀਆ।

ਬਾਦਸ਼ਾਹ ਮਸਲਤ ਮਨ ਭਾਇਆ। ਸਤਿਗੁਰ ਜੀ ਗੁਆਲੇਰ ਪਠਾਇਆ। ੨੫।

ਸ਼ੁਰੂ ਵਿਚ ਭਾਈ ਸੰਤੋਖ ਸਿੰਘ ਦੁਆਰਾ ਇਹ ਦਰਸਾਉਣਾ ਕਿ ਗੁਰੂ ਸਾਹਿਬ ਨੂੰ ਬਾਦਸ਼ਾਹ ਜਹਾਂਗੀਰ ਕੋਲ ਦਿੱਲੀ ਭਿਜਾਵਉਣ ਤੇ ਫਿਰ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਡੱਕਣ ਪਿੱਛੇ ਮੁੱਖ ਸ਼ਾਜ਼ਿਸੀ ਚੰਦੂ ਸ਼ਾਹ ਦੀਵਾਨ ਸੀ। ਚੰਦੂ ਸਿਰ ਸਾਰਾ ਦੋਸ਼ ਮੜਨ ਦਾ ਭਾਈ ਸੰਤੋਖ ਸਿੰਘ ਦਾ ਕਥਨ ਠੀਕ ਨਹੀਂ ਜਾਪਦਾ। ਕਵੀ ਦੇ ਗੁਰੂ ਪ੍ਰਤਾਪ ਗ੍ਰੰਥ ਦਾ ਰਚਨਾ ਕਾਲ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦਾ ਹੈ। ਅਸਲੀਅਤ ਇਹ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਜਦ ਮੁਗ਼ਲਾਂ ਦਾ ਫਿਰ ਸਾਰੇ ਕਬਜ਼ਾ ਹੋ ਗਿਆ ਤਾਂ ਸਿੱਖਾਂ ’ਤੇ ਮਹਾਂ ਕਹਿਰ ਢਾਏ ਗਏ; ਸਿੱਖਾ ਦੇ ਸਿਰਾਂ ਦੇ ਮੁੱਲ ਪੈਣ ਲੱਗੇ; ਛੋਟਾ ਤੇ ਵੱਡਾ ਘੱਲੂਘਾਰਾ ਵਾਪਰਿਆ; ਸਿੱਖਾਂ ਨੂੰ ਆਪਣੀ ਜਾਨ ਬਚਾਉਣ ਦੇ ਹੀਲੇ ਵਸੀਲੇ ਕਰਨੇ ਪਏ। ਉਸ ਕਾਲੇ-ਕਾਲ ਦੌਰਾਨ ਸਿੱਖ ਇਤਿਹਾਸ ਦੀਆਂ ਜੋ ਵੱਡੀਆਂ ਘਟਨਾਵਾਂ ਵਾਪਰੀਆਂ ਉਨ੍ਹਾਂ ਸਬੰਧੀ ਪ੍ਰਮਾਣਿਕ ਸਰੋਤ ਉਪਲਬਧ ਨਹੀਂ। ਸਮਾਂ ਹੀ ਐਨਾ ਭਿਆਨਕ ਸੀ ਉਸ ਵੇਲੇ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਬਾਰੇ ਤੇ ਛੇਵੇਂ ਪਾਤਸ਼ਾਹ ਦੇ ਸਮੇਂ ਵਾਪਰੀਆਂ ਵੱਡੀਆਂ ਘਟਨਾਵਾਂ ਸਬੰਧੀ ਇਤਿਹਾਸਕ ਖੋਜ ਹੋ ਨਹੀਂ ਸਕੀ, ਬਹੁਤ ਹੀ ਮੁਸ਼ਕਲ ਸੀ। ਉਦੋਂ ਤਕ ਮਹੱਤਵ ਪੂਰਨ ਪ੍ਰਸੰਗਾਂ ਬਾਰੇ ਠੋਸ ਵੇਰਵੇ ਨਾ ਮਿਲਣ ਕਰਕੇ ਜਾਪਦਾ ਹੈ ਕਵੀ ਸੰਤੋਖ ਸਿੰਘ ਨੇ ਪ੍ਰਚਲਿਤ/ਮੌਖਿਕ ਕਥਾਵਾਂ ਦੇ ਆਧਾਰਿਤ ਹੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਚੰਦੂ ਸ਼ਾਹ ਦੀਵਾਨ ਨੂੰ ਗੁਨਾਹਗਾਰ ਠਹਿਰਾ ਕੇ ਸਿੱਖ ਜਗਤ ਵਿਚ ਉਸੇ ਨੂੰ ਹੀ ਮੁੱਖ ਦੋਸ਼ੀ ਗਰਦਾਨ ਦਿੱਤਾ। ਬਾਅਦ ਵਿਚ ਸਿੱਖ ਇਤਿਹਾਸ ਬਾਰੇ ਨਵੀਨ ਖੋਜਾਂ ਦਾ ਦੌਰ ਚੱਲਿਆ, ਯੂਨੀਵਰਸਿਟੀਆਂ ਤੇ ਵਿੱਦਿਅਕ ਅਦਾਰੇ ਹੋਂਦ ਵਿਚ ਆਏ ਤਦ ਨਵੀਨ ਖੋਜਾਂ ਉਪਰੰਤ ਬਹੁਤ ਮਹੱਤਵਪੂਰਨ ਦਸਤਵੇਜ਼ ਹਾਸਲ ਹੋਏ। ਫਲਸਰੂਪ ਚੰਦੂ ਸ਼ਾਹ ਦੀਵਾਨ ਦੀ ਗੋਣ ਭੂਮਿਕਾ ਬਾਰੇ ਜੋ ਚਿਰਾਂ ਦੀ ਧਾਰਨਾ ਪ੍ਰਚੱਲਤ ਸੀ ਸਭ ਤੋਂ ਪਹਿਲਾਂ ਡਾ. ਗੰਡਾ ਸਿੰਘ ਇਤਿਹਾਸਕਾਰ ਨੇ ਠੋਸ ਤੱਥ ਪੇਸ਼ ਕਰਕੇ ਇਹ ਧਾਰਨਾ ਤੋੜਨ ਦਾ ਯਤਨ ਕੀਤਾ। ਉਸ ਨੇ ਬਾਦਸ਼ਾਹ ਜਹਾਂਗੀਰ ਦੇ ਹੁਕਮ ਦੀ ਨਕਲ ਜਨਤਕ ਕੀਤੀ ਜਿਸ ਵਿਚ ਬਾਦਸ਼ਾਹ ਆਪਣੀ ਸਵੈਜੀਵਨੀ ਤੁਜ਼ਕ ਏ ਜਹਾਂਗੀਰੀ ਵਿਚ ਹੁਕਮ ਲਿਖਦਾ – “ਮੈਂ ਆਪ ਹੁਕਮ ਦਿੱਤਾ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਯਾਸਾ ਕਨੂੰਨ ਰਾਹੀਂ ਤਸੀਹੇ ਦੇਕੇ ਕਤਲ ਕਰ ਦਿਤਾ ਜਾਏ ਉਨਾਂ ਦਾ ਮਾਲ, ਜਾਇਦਾਦ ਮੁਰਤਜ਼ਾ ਖਾਨ ਜ਼ਬਤ ਕਰ ਲਵੇ-। ਇਸ ਤੋਂ ਇਲਾਵਾ ਸ਼ੇਖ ਅਹਿਮਦ ਫਰੂਕੀ ਸਰਹਿੰਦੀ ਜੋ ਬਹੁਤ ਹੀ ਕੱਟੜ, ਸੁੰਨੀ ਪ੍ਰਚਾਰਕ, ਨਕਸ਼ਬੰਦੀ ਸਿਲਸਲੇ ਦਾ ਮੁਖੀ ਸੀ ਤੇ ਬਾਦਸ਼ਾਹ ਜਹਾਂਗੀਰ ਦੇ ਨੇੜੇ ਸੀ ਉਸ ਦੀ ਚਿੱਠੀ ਵੀ ਲੋਕਾਂ ਵਿਚ ਨਸ਼ਰ (ਪ੍ਰਸਾਰਤ) ਕੀਤੀ, ਜਿਸ ਵਿਚ ਉਹ ਗੁਰੂ ਪੰਚਮ ਪਾਤਸ਼ਾਹ ਦੀ ਸ਼ਹਾਦਤ ਹੋਣ ’ਤੇ ਖੁਸ਼ੀ ’ਚ ਬਾਦਸ਼ਾਹ ਨੂੰ ਚਿੱਠੀ ਲਿਖਦਾ ਆਖਦਾ-ਆਪ ਨੇ ਕਾਫਰਾਂ ਦੇ ਆਗੂ ਨੂੰ ਮਾਰਨ ਦਾ ਬਹੁਤ ਚੰਗਾ ਕੰਮ ਕੀਤਾ। ਹਰ ਮੁਸਲਮਾਨ ਦਾ ਫਰਜ਼ ਹੈ ਕਾਫਿਰਾਂ ਨੂੰ ਮਾਰੇ-। ਡਾ. ਗੰਡਾ ਸਿੰਘ ਨੇ ਇਹ ਠੋਸ ਪ੍ਰਮਾਣ ਪੇਸ਼ ਕਰ ਕੇ ਪਹਿਲਾਂ ਵਾਲੇ ਸਾਰੇ ਭਰਮ ਉਹਲੇ ਦੂਰ ਕਰਨ ਦੇ ਯਤਨ ਕੀਤੇ। ਉਸ ਨੇ ਸਾਬਤ ਕੀਤਾ ਕਿ ਗੁਰੂ ਸਾਹਿਬ ਜੀ ਦੇ ਗਵਾਲੀਅਰ ਜਾਣ ਦੀ ਘਟਨਾ ਤੇ ਪੰਚਮ ਪਾਤਸ਼ਾਹ ਦੀ ਸ਼ਹਾਦਤ ਪਿੱਛੇ ਮੁਗ਼ਲ ਸਰਕਾਰ ਦਾ ਵੱਡਾ ਰੋਲ ਸੀ ਨਾ ਕਿ ਚੰਦੂ ਸ਼ਾਹ ਦੀਵਾਨ ਦਾ। ਚੰਦੂ ਦੀਵਾਨ ਤਾਂ ਮਾਤਰ ਉਸ ਵੇਲੇ ਦਾ ਮਾਮੂਲੀ ਅਧਿਕਾਰੀ ਸੀ।

**ਗਵਾਲੀਅਰ ਕਿਲ੍ਹੇ ’ਚੋਂ ਰਿਹਾਈ ਬਾਰੇ:** ਫਿਰ ਜਦ ਗੁਰੂ ਜੀ ਨੂੰ ਮਿੱਥੇ ਸਮੇਂ ਅੰਦਰ ਗਵਾਲੀਅਰ ਦੇ ਕਿਲ੍ਹੇ ’ਚੋਂ ਰਿਹਾਅ ਨਾ ਕੀਤਾ ਗਿਆ ਤੇ ਗੁਰੂ ਸਾਹਿਬ ਦਾ ਵਿਛੋੜਾ ਦਿਨ-ਬ-ਦਿਨ ਮਹੀਨਿਆਂ ਬੱਧੀ ਬਹੁਤ ਹੀ ਲੰਮਾ ਹੁੰਦਾ ਗਿਆ ਤੇ ਗੁਰੂ ਸਾਹਿਬ ਦੀ ਰਿਹਾਈ ਬਾਰੇ ਬੇ-ਯਕੀਨੀ ਬਣਨ ਲੱਗੀ ਤਾਂ ਸਿੱਖਾਂ ਵਿਚ ਚਿੰਤਾ ਪਸਰ ਗਈ। ਇਹ ਸੰਸਾ ਹੋਣ ਲੱਗਾ ਕਿ ਗੁਰੂ ਸਹਿਬ ਜੀ ਦੀ ਮੌਜੂਦਗੀ ਤੋਂ ਬਗੈਰ ਕਿਤੇ ਸਿੱਖ-ਸੰਗਤ ਗੁਰੂ-ਘਰ ਤੋਂ ਵਿਸਰ ਕੇ ਦੂਜੇ ਵਿਰੋਧੀ ਮੀਣਿਆਂ ਦੀ ਅਗਵਾਈ ਵੱਲ ਨਾ ਚਲੀ ਜਾਵੇ, ਦੂਜੇ ਪਾਸੇ ਕੱਟੜ ਵਿਰੋਧੀ ਮੁਰਤਜ਼ਾ ਖਾਨ ਨੂੰ ਲਾਹੌਰ ਦਾ ਗਵਰਨਰ ਲਾ ਦਿੱਤਾ ਹੈ; ਉਸ ਦੇ ਜਾਰੀ ਹੋ ਰਹੇ ਸਖਤ ਆਦੇਸ਼ ਅਤੇ ਧਮਕੀਆਂ ਕਿਧਰੇ ਸਿੱਖਾਂ ਦੇ ਉਤਸ਼ਾਹ ਨੂੰ ਫਿੱਕਾ ਨਾ ਪਾ ਦੇਣ। ਤਦ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਸੰਗਤਾਂ ਦੇ ਹੌਸਲੇ ਬੁਲੰਦ ਰੱਖਣ ਤੇ ਗੁਰੂ-ਘਰ ਨਾਲ ਜੋੜੀ ਰੱਖਣ ਦੇ ਇਰਾਦੇ ਨਾਲ ਚੌਕੀਆਂ ਦੀ ਮਰਯਾਦਾ ਚਲਾ ਦਿੱਤੀ। ਉਹ ਚੌਕੀਆਂ ਬਣਾ ਕੇ ਪੰਜਾਬ ਦੇ ਪਿੰਡ ਪਿੰਡ ਮਸ਼ਾਲਾਂ ਭੇਜਦੇ। ਸਾਰਾ ਪ੍ਰਚਾਰ ਰਾਤ ਦੇ ਸਮੇਂ ਹੁੰਦਾ। ਫਿਰ ਇਨ੍ਹਾਂ ਚੌਕੀਆਂ ਦਾ ਪ੍ਰੋਗਰਾਮ ਖਾਸ ਜੱਥੇ ਦੇ ਰੂਪ ਵਿਚ ਸ਼ਹਿਰੋਂ-ਸ਼ਹਿਰ ਹੁੰਦਾ ਹੋਇਆ ਗਵਾਲੀਅਰ ਦੇ ਕਿਲ੍ਹੇ ਤਕ ਜਾਣ ਲੱਗਾ। ਸਿੱਖ ਕੀਰਤਨ ਕਰਦੇ ਹੋਏ ਗਵਾਲੀਅਰ ਦੇ ਕਿਲ੍ਹੇ ਤੱਕ ਪਹੁੰਚਦੇ। ਮੁਸਲਮਾਨ ਲੇਖਕ ਮੁਹਸਿਨ ਫਾਨੀ ਲਿਖਦਾ ਹੈ ਕਿ ਸਿੱਖ ਗਵਾਲੀਅਰ ਦੇ ਕਿਲ੍ਹੇ ਅੰਦਰ ਡੱਕੇ ਹੋਏ ਗੁਰੂ ਸਾਹਿਬ ਦੇ ਨਮਿਤ ਕਿਲ੍ਹੇ ਦੀਆਂ ਉੱਚੀਆਂ ਕੰਧਾਂ ਨੂੰ ਛੂਹ ਕੇ ਗੁਰੂ ਸਾਹਿਬ ਨੂੰ ਨਮਸਕਾਰ ਕਰਦੇ ਤੇ ਕਿਲ੍ਹੇ ਦੀ ਪਰਕਰਮਾ ਕਰ ਕੇ ਵਾਪਸ ਚਲੇ ਜਾਂਦੇ।

ਏਸੇ ਗੱਲ ਦੀ ਸ਼ਾਹਦੀ ਭਰਦੇ ਹੋਏ ‘ਸਹਿਜੇ ਰਚਿਓ ਖਾਲਸਾ’ ਦੇ ਰਚਨ ਕਰਤਾ ਸ. ਹਰਿੰਦਰ ਸਿੰਘ ਮਹਿਬੂਬ ਲਿਖਦੇ ਹਨ ਕਿ ਜਦ ਗੁਰੂ ਜੀ ਗਵਾਲੀਅਰ ਦੇ ਕਿਲ੍ਹੇ ਵਿਚ ਸਨ ਤਾਂ ਉਨ੍ਹਾ ਦੇ ਪਿਆਰੇ ਸੌ ਸੌ ਦੇ ਕਾਫਲਿਆਂ ਵਿਚ ਮਹੀਨਿਆਂ ਬੱਧੀ ਕਿਲ੍ਹੇ ਦੀਆਂ ਦੀਵਾਰਾਂ ਨੂੰ ਆ ਆ ਚੁੰਮਦੇ ਰਹੇ। ਰੂਹ ਦੇ ਵੀਰਾਨ ਪਰਦਿਆਂ ਨੂੰ ਚੀਰ ਕੇ ਗੁਰੂ ਜੀ ਨੂੰ ਖਾਲਸ ਰੂਪ ਵਿਚ ਮਿਲਣ ਦਾ ਇਹ ਇਕ ਨਿਰਾਲਾ ਦ੍ਰਿਸ਼ ਸੀ।

ਜਦ ਇਹ ਜਾਪਣ ਲੱਗਾ ਕਿ ਨਿਕਟ ਭਵਿੱਖ ਵਿਚ ਵੀ ਗੁਰੂ ਸਾਹਿਬ ਦੀ ਰਿਹਾਈ ਲਈ ਕੋਈ ਢਾਰਸ ਕੋਈ ਕਾਰਗਰ ਵਿਧੀ ਨਹੀਂ ਬਣ ਰਹੀ ਤਾਂ ਸਿੱਖ ਜਗਤ ਵਿਚ ਇਕ ਤਰ੍ਹਾਂ ਦਾ ਫਿਕਰੀ ਦਾ ਅਲਮੀਆ ਬਣ ਗਿਆ। ਜਦ ਗੁਰੂ ਸਾਹਿਬ ਦੀ ਰਿਹਾਈ ਬਾਰੇ ਸਾਰੀਆਂ ਸੋਚਾਂ ਵਿਚਾਰਾਂ ਰੱਬੀ ਰਜ਼ਾ ਤਕ ਹੀ ਮਹਿਦੂਦ ਹੋ ਗਈਆਂ ਤਾਂ ਉਸ ਵੇਲੇ ਸਮੇਂ ਦੇ ਗੇੜ ਨੇ ਖੁਦ ਹੀ ਸਿੱਖੀ ਸਫਾਂ ਵਿਚ ਮੁੜ ਖੇੜਾ ਲਿਆਉਣ ਵਾਸਤੇ ਇਕ ਅਲੌਕਿਕ ਅਜ਼ਮਤ ਵਰਤਾਈ। ਰੱਬ ਦੀ ਐਸੀ ਕਰਨੀ ਹੋਈ ਕਿ ਬਾਦਸ਼ਾਹ ਜਹਾਂਗੀਰ ਇਕ ਭਿਆਨਕ ਮਾਨਸਿਕ ਰੋਗ ਦਾ ਸ਼ਿਕਾਰ ਹੋ ਕੇ ਮੰਜੇ ’ਤੇ ਬਿਮਾਰ ਪੈ ਗਿਆ। ਉਸ ਨੂੰ ਸਿਹਤਯਾਬ ਕਰਨ ਦੇ ਸਾਰੇ ਹਰਬੇ-ਹੀਲੇ ਵਰਤੇ ਗਏ ਪਰ ਕੋਈ ਮੋੜਾ ਨਾ ਪਿਆ। 1611 ਈ. ਵਾਲੇ ਸਾਲ ਬਾਦਸ਼ਾਹ ਜਹਾਂਗੀਰ ਦੀ ਚਹੇਤੀ ਬੇਗਮ ਨੂਰਜਹਾਂ ਜੋ ਰਾਜ-ਭਾਗ ’ਤੇ ਪੂਰੀ ਤਰਾਂ ਕਾਬਜ਼ ਹੋ ਗਈ ਸੀ, ਤੇ ਬਾਦਸ਼ਾਹ ਉਸ ਦਾ ਪ੍ਰਭਾਵ ਕਬੂਲਦਾ ਹੋਇਆ ਸਾਰਾ ਰਾਜਸੀ ਪ੍ਰਬੰਧ ਉਸ ਦੇ ਹਵਾਲੇ ਕਰ ਚੁੱਕਾ ਸੀ। ਪੂਰਨ ਸ਼ਕਤੀ ਦੇ ਹੁੰਦੇ ਹੋਇਆਂ ਵੀ ਨੂਰਜਹਾਂ ਲਈ ਬਾਦਸ਼ਾਹ ਦੀ ਜੀਵਤ ਹੋਂਦ, ਉਸ ਦੀ ਤੰਦਰੁਸਤੀ ਅਤੀ ਜ਼ਰੂਰੀ ਸੀ। ਸਥਿਤੀ ਨੂੰ ਭਾਂਪਦਿਆਂ ਉਹ ਜਹਾਂਗੀਰ ਦੀ ਸਾਰੀ ਦੇਖ-ਭਾਲ ਖੁਦ ਕਰਨ ਲੱਗੀ। ਹਕੀਮਾਂ ਨੇ ਬਾਦਸ਼ਾਹ ਜਹਾਂਗੀਰ ਨੂੰ ਰੋਗ-ਰਹਿਤ ਕਰਨ ਦੇ ਅਨੇਕ ਯਤਨ ਕੀਤੇ। ਜਦ ਸਾਰੀ ਗੱਲ ਵੱਸੋਂ ਬਾਹਰ ਹੋ ਗਈ ਤਾਂ ਬੇਗਮ ਨੂਰ ਜਹਾਂ ਨੇ ਓੜਕ ਪੀਰਾਂ ਫਕੀਰਾਂ ਦਾ ਸਹਾਰਾ ਲੈਣਾ ਉੱਚਿਤ ਜਾਣਿਆ। ਉਹ ਪੀਰਾਂ, ਸੰਤਾਂ ਅੰਦਰ ਸਮੋਈਆਂ ਦੈਵੀ ਸ਼ਕਤੀਆਂ ਵਿਚ ਵਿਸ਼ਵਾਸ ਰੱਖਣ ਵਾਲੀ ਸੀ। ਨੂਰ ਜਹਾਂ ਦੇ ਬਚਪਨ ਤੇ ਚੜ੍ਹਦੀ ਜਵਾਨੀ ਦੇ ਦਿਨ ਲਾਹੌਰ ਸ਼ਹਿਰ ਵਿਚ ਬੀਤੇ ਸਨ ਤੇ ਫਕੀਰਾਂ ਵਿਚ ਸ਼ਰਧਾ ਦੀ ਧਾਰਨਾ ਉਦੋਂ ਤੋਂ ਹੀ ਉਸ ਦੇ ਹਿਰਦੇ ਵਿਚ ਸਮੀ ਸੀ। ਉਹ ਉਨ੍ਹੀਂ ਦਿਨੀਂ ਉੱਥੇ ਲਾਹੌਰ ਵਿਖੇ ਸਾਈਂ ਮੀਆਂ ਮੀਰ ਦੀ ਵੱਡੀ ਸ਼ਰਧਕ ਹੋਣ ਕਰਕੇ ਉਨ੍ਹਾਂ ਦੇ ਦਰਬਾਰ ਵਿਚ ਹਾਜ਼ਰੀ ਭਰਿਆ ਕਰਦੀ। ਸਾਈਂ ਮੀਆਂ ਮੀਰ ਜੀ ਉਸ ਵੇਲੇ ਦੇ ਬਹੁਤ ਹੀ ਸਤਿਕਾਰਤ ਪੂਜਨਯੋਗ ਸੂਫੀ ਸੰਤ ਸਨ। ਉਨ੍ਹਾਂ ਦਾ ਮੁਗ਼ਲ ਦਰਬਾਰ ਵਿਚ ਪੂਰਾ ਅਦਬ ਸਤਿਕਾਰ ਤੇ ਉਜਰ ਸੀ। ਸਾਰੇ ਮੁਗ਼ਲ ਬਾਦਸ਼ਾਹ ਉਸ ਦੇ ਸਨਮੁੱਖ ਗੋਡਾ ਨਿਵਾਂਉਦੇ। ਦੂਜੇ ਪਾਸੇ ਸਾਈਂ ਜੀ ਦਾ ਗੁਰੂ-ਘਰ ਨਾਲ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੇਲੇ ਤੋਂ ਬਹੁਤ ਹੀ ਨਜ਼ਦੀਕੀ ਤੇ ਗਹਿਰਾ ਰਿਸ਼ਤਾ ਚਲਿਆ ਆ ਰਿਹਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜਦ ਅਕਾਰਨ ਹੀ ਲਾਹੌਰ ਵਿਚ ਅਸਹਿ ਕਸ਼ਟ ਦਿੱਤੇ ਜਾ ਰਹੇ ਸਨ ਤਾਂ ਸਾਈਂ ਜੀ ਸੁਣ ਕੇ ਇਕ ਹਮਦਰਦ ਵਜੋਂ ਮਦਦ ਲਈ ਗੁਰੂ ਜੀ ਕੋਲ ਅੱਪੜੇ ਸਨ। ਜਦ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਅੰਦਰ ਨਜ਼ਰਬੰਦ ਸਨ ਤੇ ਜੇਲ੍ਹ ਵਿਚ ਲੰਮਾ ਸਮਾਂ ਹੋ ਗਿਆ ਸੀ ਤਾਂ ਐਨ ਢੁਕਵੇਂ ਸਮੇਂ ’ਤੇ ਸਾਈਂ ਮੀਆਂ ਮੀਰ ਲਾਹੌਰ ਤੋਂ ਚੱਲ ਕੇ ਦਿੱਲੀ ਪਹੁੰਚੇ। ਬਿਨਾਸ਼ੱਕ ਉਨ੍ਹਾਂ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕਿਲ੍ਹੇ ਅੰਦਰ ਨਜ਼ਰਬੰਦ ਕਰਨ ਦੇ ਸਾਰੇ ਸਾਜ਼ਿਸ਼ੀ ਪ੍ਰਸੰਗ ਦਾ ਭਲੀ ਭਾਂਤ ਗਿਆਨ ਸੀ ਕਿਉਂਕਿ ਲਾਹੌਰ ਤੋਂ ਸ੍ਰੀ ਅੰਮ੍ਰਿਤਸਰ ਉਨਾਂ ਵਾਸਤੇ ਕੋਈ ਬਹੁਤਾ ਦੂਰ ਨਹੀਂ ਸੀ। ਗੁਰੂ-ਘਰ ਦੇ ਹਵਾਲੇ ਨਾਲ ਸ੍ਰੀ ਅੰਮ੍ਰਿਤਸਰ ਦੀ ਹਰ ਘਟਨਾ ਬਾਰੇ ਉਨ੍ਹਾਂ ਨੂੰ ਖਬਰ-ਸਾਰ ਹਾਸਲ ਸੀ ਪਰ ਯੋਗ ਮੌਕੇ ਦੀ ਤਲਾਸ਼ ਵਿਚ ਸਨ। ਵਿਦਵਾਨਾਂ ਦਾ ਮਤ ਹੈ ਕਿ ਉਹ ਹੁਣ ਜਦ ਦਿੱਲੀ ਪਹੁੰਚੇ ਤਾਂ ਸਭ ਤੋਂ ਪਹਿਲਾਂ ਉਨ੍ਹਾ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਤੁਰੰਤ ਰਿਹਾਈ ਦਾ ਯਤਨ ਕੀਤਾ। ਉਧਰ ਜਹਾਂਗੀਰ ਨੂੰ ਜਦ ਸ਼ਾਹੀ ਵੈਦਾਂ ਤੇ ਹਕੀਮਾਂ ਨੇ ਵੀ ਜਵਾਬ ਦੇ ਦਿੱਤਾ ਤੇ ਸਾਰੇ ਹੀਲੇ ਜਦ ਵਿਅਰਥ ਹੋ ਗਏ ਜਾਪੇ ਤਾਂ ਪੀਰਾਂ ਫਕੀਰਾਂ ਵਿਚ ਆਸਥਾ ਰੱਖਣ ਵਾਲੀ ਬੇਗਮ ਨੂਰ ਜਹਾਂ, ਜਹਾਂਗੀਰ ਨੂੰ ਪੀਰ ਪਾਸ ਲੈ ਆਈ ਜਿਸ ਨੂੰ ਉਹ ਮੰਨਦੀ ਸੀ। ਨੂਰ ਜਹਾਂ ਨੇ ਅਰਜ਼ ਸਲਾਮ ਕਰਨ ਤੋਂ ਬਾਅਦ ਪੀਰ ਪਾਸੋਂ ਜਹਾਂਗੀਰ ਦੀ ਬਿਮਾਰੀ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਕਥਨ ਕੀਤਾ ਇਹ ਬਿਮਾਰੀ ਕਿਸੇ ਪੀਰ ਨੂੰ ਦੁਖ ਦੇਣ ਕਰਕੇ ਹੈ। ਜਦ ਜਹਾਂਗੀਰ ਨੇ ਪੁੱਛਿਆ ਉਹ ਪੀਰ ਕਿਹੜਾ ਹੈ ਤਾਂ ਕੋਲ ਬੈਠੇ ਸਾਈਂ ਮੀਆਂ ਮੀਰ ਨੇ ਫਰਮਾਇਆ-ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੋ ਹੈ ਸੋ ਮਕਬੂਲ ਨੂਰ-ਏ-ਇਲਾਹੀ ਹੈ।

ਨੂਰ ਜਹਾਂ, ਆਪਣੇ ਮੁਰਸ਼ਦ ਸਾਈਂ ਮੀਆਂ ਮੀਰ ਦੇ ਮੁੱਖੋਂ ਇਹ ਅਲਫਾਜ਼ ਸੁਣ ਕੇ ਹੈਰਾਨ ਹੋ ਗਈ ਕਿ ਪੀਰ ਸਾਈਂ ਜੀ, ਨੌਜਵਾਨ ਗੁਰੂ ਨੂੰ ਆਪਣੇ ਤੋਂ ਵੀ ਉੱਪਰ ਖੁਦਾ ਰੂਪ ਕਹਿ ਰਹੇ ਹਨ। ਸੁਣ ਕੇ ਨੂਰ ਜਹਾਂ ਦੇ ਮਨ ’ਤੇ ਗਹਿਰਾ ਅਸਰ ਹੋਇਆ ਤੇ ਉਸ ਨੇ ਉਸੀ ਵੇਲੇ ਜਹਾਂਗੀਰ ਨੂੰ ਗੁਰੂ ਜੀ ਰਿਹਾਈ ਬਾਰੇ ਕਿਹਾ। ਨੂਰ ਜਹਾਂ ਬੇਗਮ ਨੇ ਖਾਵੰਦ ਨੂੰ ਕਿਹਾ ਐਸੇ। ਫਕੀਰ ਜਾਤ ਹੈ ਸਾਈਂ ਦੀ ਸਾਈਂ ਜੈਸੇ। ਕੈਦ ਨਾ ਕਰੀਏ ਕਹੇ ਕਹਾਏ। ਫਕੀਰ ਦੀ ਮਾਰੀ ਕੋਈ ਨਾ ਹਟਾਏ।੭੧। ਤਦ ਬਾਦਸ਼ਾਹ ਜਹਾਂਗੀਰ ਨੇ ਉਸੇ ਵੇਲੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ’ਚੋਂ ਰਿਹਾਅ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਰਿਹਾਈ ਦੇ ਉਪਰੋਕਤ ਸਬੱਬ ਤੋਂ ਇਲਾਵਾ ਵਿਦਵਾਨ ਮਤ ਰੱਖਦੇ ਹਨ ਕਿ ਮੁਗ਼ਲ ਪ੍ਰਸ਼ਾਸਨ ਵਿਚ ਆਈ ਰਾਜਸੀ ਤਬਦੀਲੀ ਵੀ ਕਾਰਨ ਬਣੀ ਹੈ। ਉਨ੍ਹਾਂ ਮੁਤਾਬਕ ਜਦ ਫਰੀਦ ਖਾਂ ਬੁਖਾਰੀ ਉਰਫ ਮੁਰਤਜ਼ਾ ਖਾਨ ਨੂੰ ਜਹਾਂਗੀਰ ਨੇ ਹੁਕਮ ਦਿੱਤਾ ਸੀ ਕਿ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੀ ਜਾਇਦਾਦ, ਮਕਾਨ ਬੱਚੇ ਸਭ ਨੂੰ ਜ਼ਬਤ ਕੀਤਾ ਜਾਵੇ। ਤਦ ਉਸ ਦੀ ਸੁਪਰਦਾਰੀ ਹੇਠ ੧੬੦੬ ਈ. ਵਿਚ ਗੁਰੂ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਹੋ ਗਈ ਪਰ ਇਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਪਕੜਨ ਵਿਚ ਅਸਫਲ ਰਿਹਾ ਕਿਉਂਕਿ ਉਸ ਵੇਲੇ ਕਰੀਬਨ ਡੇਢ-ਦੋ ਸਾਲ ਗੁਰੂ ਸਾਹਿਬ ਮਾਲਵਾ ਇਲਾਕਾ ਵਿਚ ਸਿੱਖੀ-ਪ੍ਰਚਾਰ ਦੌਰੇ ’ਤੇ ਰਹੇ। ਫਿਰ ਇਸ ਕੱਟੜ ਵਿਰੋਧੀ ਮੁਰਤਜ਼ਾ ਖਾਨ ਨੂੰ ੧੬੦੭ ਈ. ਦੇ ਅਖੀਰ ਵਿਚ ਗੁਜਰਾਤ ਦਾ ਗਵਰਨਰ ਨਿਯੁਕਤ ਕਰ ਦਿੱਤਾ ਗਿਆ ਤਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਾਪਸ ਸ੍ਰੀ ਅੰਮ੍ਰਿਤਸਰ ਆ ਗਏ ਸਨ। ਇਧਰ ੧੬੦੮ ਈ. ਦੇ ਸ਼ੁਰੂ ਵਿਚ ਲਾਹੌਰ ਦਾ ਗਵਰਨਰ ਕੁਲੀਜ਼ ਖਾਨ ਲਾ ਦਿੱਤਾ ਗਿਆ। ਇਹ ਅਕਬਰ ਦਾ ਬਾ-ਖਾਸੂਸ ਬੰਦਾ, ਅਕਬਰੀ ਸਿਧਾਂਤ ਦਾ ਧਾਰਨੀ ਹੋਣ ਕਰਕੇ ਹੋਰ ਧਾਰਮਿਕ ਜਮਾਤਾਂ ਵਿਚ ਦਖਲ ਨਾ ਦੇਣ ਦੀ ਰੁਚੀ ਵਾਲਾ ਸੀ। ਇਸ ਦੇ ਸਮੇਂ ਸਿੱਖਾਂ ਨੇ ਬਹੁਤ ਰਾਹਤ ਮਹਿਸੂਸ ਕੀਤੀ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਸਿੱਖ ਪੰਥ ਨੂੰ ਜਥੇਬੰਦ ਕਰਨ ਦਾ ਬਹੁਤ ਸੁਖਾਵਾਂ ਮੌਕਾ ਮਿਲਿਆ। ਉਸੇ ਸਮੇਂ ਦੌਰਾਨ ਹੀ ਅਕਾਲ ਤਖਤ ਦੀ ਰਚਨਾ ਹੋਈ ਤੇ ਜ਼ਬਰ ਦਾ ਟਾਕਰਾ ਕਰਨ ਲਈ ਹਥਿਆਰਬੰਦ ਸੈਨਾ ਖੜੀ ਕਰਨ ਦੀ ਤਿਆਰੀ ਅਰੰਭੀ ਗਈ। ਬਿਲਾ-ਸ਼ੱਕ ਸ਼ਾਹੀ ਖੁਫੀਆ ਏਜੰਸੀਆਂ, ਬਾਦਸ਼ਾਹ ਜਹਾਂਗੀਰ ਕੋਲ ਸਿੱਖ ਪੰਥ ਦੇ ਪ੍ਰਫੁਲਤ ਹੋਣ ਦੀਆਂ ਖਬਰਾਂ ਪਹੁੰਚਾ ਰਹੀਆਂ ਸਨ ਪਰ ਉਸ ਵੇਲੇ ਜਹਾਂਗੀਰ ਕਾਠੀਆਵਾੜ ਤੇ ਰਾਜਪੂਤਾਨਾ ਦੇ ਇਲਾਕੇ ਵਿਚ ਹਾਲਾਤ ਨਾ-ਸਾਜਗਾਰ ਹੋਣ ਕਰਕੇ ਬੁਰੀ ਤਰ੍ਹਾਂ ਉਲਝਿਆ ਸੀ ਤੇ ਉਹ ਪੰਜਾਬ ਵੱਲ ਬਹੁਤ ਧਿਆਨ ਨਾ ਦੇ ਸਕਿਆ। ਫਿਰ ਜਦ ਉਸ ਨੂੰ ਉਧਰੋਂ ਰਾਜਪੂਤਾਨੇ ਵੱਲੋਂ ਰਾਹਤ ਮਿਲੀ ਤਾਂ ਉਸ ਨੇ ਪੰਜਾਬ ਵਿਚ ਸਿੱਖੀ ਦੇ ਵਧ ਰਹੇ ਪ੍ਰਚਲਨ ਨੂੰ ਪਹਿਲ ਦੇ ਆਧਾਰ ’ਤੇ ਨਜਿਠਣ ਦਾ ਨਿਰਣਾ ਲਿਆ। ਗੁਰੂ ਸਾਹਿਬ ਦੀ ਵਧਦੀ ਪ੍ਰਭੁਸੱਤਾ ਨੂੰ ਵੇਖਦਿਆਂ ਸਭ ਤੋਂ ਪਹਿਲਾਂ ਉਸ ਨੇ ਲਾਹੌਰ ਦੇ ਗਵਰਨਰ ਕੁਲੀਜ਼ ਖਾਨ ਨੂੰ ਬਦਲ ਕੇ ਉਸ ਦੀ ਥਾਂ ’ਤੇ ੧੬੧੧-੧੨ ਈ. ਨੂੰ ਧਾਰਮਿਕ ਜਨੂੰਨੀ ਤੇ ਕੱਟੜ ਵਿਰੋਧੀ ਸ਼ੇਖ ਫਰੀਦ ਬੁਖਾਰੀ ਉਰਫ ਮੁਰਤਜ਼ਾ ਖਾਨ ਨੂੰ ਲਾਹੌਰ ਦਾ ਗਵਰਨਰ ਥਾਪ ਦਿੱਤਾ। ਇਹ ਆਪਣੇ ਗਵਰਨਰੀ ਕਾਲ (੧੬੧੨-੧੬੧੮) ਦੌਰਾਨ ਗੁਰੂ-ਘਰ ਦਾ ਸਖਤ ਵਿਰੋਧੀ ਰਿਹਾ। ਪਰ ਇਹ ਕਾਂਗੜਾ ਦੇ ਕਿਲ੍ਹੇ ’ਤੇ ਫਤਹ ਪਾਉਣ ਲਈ ਸੰਘਰਸ਼ ਕਰਦਾ ਹੋਇਆ ੧੬੦੮ ਈ. ਵਿਚ ਮਰ ਗਿਆ, ਜਿਸ ਦੇ ਹੱਥੋਂ ਪੰਜਵੇਂ ਗੁਰੂਦੇਵ ਜੀ ਦੀ ਸ਼ਹਾਦਤ ਹੋਈ ਅਤੇ ਜਿਸ ਦੁਆਰਾ ਜਹਾਂਗੀਰ ਕੋਲ ਪਹੁੰਚਾਈਆਂ ਸਿੱਖ-ਵਿਰੋਧੀ ਇਤਲਾਹਾਂ ’ਤੇ ਦਖਲ ਕਰਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਅੰਦਰ ਲੰਮੇ ਸਮੇ ਲਈ ਕਿਲੇ ਅੰਦਰ ਡੱਕੀ ਰੱਖਿਆ ਗਿਆ; ਇਸ ਮੁਰਤਜ਼ਾ ਖਾਨ ਇਸ ਦੇ ਮਰਨ ਦੀ ਦੇਰ ਸੀ ਕਿ ਸ਼ਾਹੀ ਸਰਕਾਰ ਦਾ ਸਾਰਾ ਵਿਰੋਧ ਮੱਠਾ ਪੈ ਗਿਆ ਤੇ ਗੁਰੂ ਸਾਹਿਬ ਦੀ ਰਿਹਾਈ ਲਈ ਇਕ ਤਰ੍ਹਾਂ ਨਾਲ ਰਾਹ ਅਸਾਨ ਹੋ ਗਿਆ।

ਪਰ ਗੁਰੂ ਸਾਹਿਬ ਜੀ ਦੀ ਗਵਾਲੀਅਰ ਦੇ ਕਿਲ੍ਹੇ ’ਚੋਂ ਰਿਹਾਈ ਲਈ ਉਪਰੋਕਤ ਰਾਜਸੀ ਕਾਰਨਾਂ ਨਾਲੋਂ ਸਿੱਖ ਦੁਨੀਆ ਵਿਚ ਹਜ਼ਰਤ ਸਾਈਂ ਮੀਆ ਮੀਰ ਜੀ ਦੀ ਨਿਭਾਈ ਭੂਮਿਕਾ ਨੂੰ ਵਧੇਰੇ ਕਾਰਗਰ ਤੇ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ।

ਗੁਰੂ ਸਾਹਿਬ ਦੇ ਗਵਾਲੀਅਰ ਦੇ ਕਿਲ੍ਹੇ ਵਿਚ ਕਿੰਨਾਂ ਸਮਾਂ ਰਹੇ ਇਸ ਬਾਰੇ ਸਮਕਾਲੀ ਫਾਰਸੀ ਸਰੋਤ ‘ਦਬਿਸਤਾਨ ਏ ਮਜਾਹਿਬ’ ਲਿਖਦਾ ਹੈ ਕਿ ਗੁਰੂ ਸਾਹਿਬ ੧੨ ਸਾਲ ਕਾਰਾਵਾਸ ਰਹੇ। ਭਾਈ ਸੰਤੋਖ ਸਿੰਘ ਲਿਖਦੇ ਹਨ ਇਹ ਬੰਦੀ ਦਾ ਸਮਾਂ ਚਾਲੀ ਦਿਨ ਸੀ ਜਦ ਕਿ ਇਸ ਵਿਚਾਰ ਦੀ ਹੋਰ ਕਿਸੇ ਪ੍ਰਮਾਣਿਕ ਸਰੋਤ ਤੋਂ ਪੁਸ਼ਟੀ ਨਹੀਂ ਹੁੰਦੀ। ਡਾ. ਤੇਜਾ ਸਿੰਘ ਗੰਡਾ ਸਿੰਘ ਦੇ ਇਸ ਨਤੀਜੇ ’ਤੇ ਪਹੁੰਚਦੇ ਹਨ ਕਿ ਗੁਰੂ ਸਾਹਿਬ ਕੋਈ ਦੋ ਸਾਲ ਦੇ ਕਰੀਬ ਗਵਾਲੀਅਰ ਕਿਲ੍ਹੇ ਵਿਚ ਰਹੇ। ਪਰ ਕੁਲ ਮਿਲਾ ਕੇ ਗੁਰੂ ਸਾਹਿਬ ਜੀ ਦੇ ਬੰਦੀ ਦੇ ਸਮੇਂ ਦੀ ਕੋਈ ਵੀ ਖੋਜਕਾਰ ਨਿਸ਼ਚਤ ਦਲੀਲ ਨਹੀਂ ਦੇ ਸਕਿਆ। ਡਾ. ਕਿਰਪਾਲ ਸਿੰਘ (ਚੰਡੀਗੜ੍ਹ) ਮੁਰਤਜਾ ਖਾਨ ਦੇ ਪੰਜਾਬ ਦਾ ਗਵਰਨਰ ਬਣਨ ਦੇ ਹਵਾਲੇ ਨਾਲ ਆਪਣਾ ਪੱਖ ਰੱਖਦੇ ਹੋਏ ਲਿਖਦੇ ਹਨ ਗੁਰੂ ਸਾਹਿਬ ੧੬੧੩ ਈਸਵੀ ਨੂੰ ਆਗਰੇ ਤੋਂ ਗਵਾਲੀਅਰ ਜਹਾਂਗੀਰ ਦੀ ਕੈਦ ਵਿਚ ਗਏ। ਫਿਰ ਜਦ ਗੁਰੂਘਰ ਦੇ ਵਿਰੋਧੀ ਮੁਰਤਜ਼ਾ ਖਾਨ ਦੀ ੧੬੧੮ ਈਸਵੀ ਦੇ ਅਖੀਰ ’ਚ ਮੌਤ ਹੋ ਜਾਂਦੀ ਹੈ ਤੇ ਰਾਹ ਸਾਫ ਹੋ ਜਾਂਦਾ ਹੈ ਤਾਂ ਉਸ ਤੋਂ ਬਾਅਦ ਹੀ ਗੁਰੂ ਸਾਹਿਬ ਦੀ ਰਿਹਾਈ ਹੁੰਦੀ ਹੈ। ਕੋਈ ੬ ਸਾਲ ਕਿਲੇ ਵਿਚ ਕੈਦ ਰਹਿਣ ਤੋਂ ਬਾਅਦ ਗੁਰੂ ਸਾਹਿਬ ਦੀ ਰਿਹਾਈ ਦਾ ਸਾਲ ੧੬੧੯ ਈਸਵੀ ਠੀਕ ਜਾਪਦਾ ਜੋ ਪਿਆਰਾ ਸਿੰਘ ਪਦਮ ਦੁਆਰਾ ਸੰਪਾਦਤ ਕੀਤੀ ਪੁਸਤਕ “ਗੁਰੂ ਕੀਆਂ ਸਾਖੀਆਂ’ ਨਾਲ ਵੀ ਮੇਲ ਖਾਂਦਾ ਹੈ। ਪਦਮ ਅਨੁਸਾਰ ਗੁਰੂ ਸਾਹਿਬ ਜੀ ਦੀ ਰਿਹਾਈ ਹਿੰਦੀ ਰਾਜਿਆਂ ਨਾਲ ਗਵਾਲੀਅਰ ਦੇ ਕਿਲ੍ਹੇ ਤੋਂ ਕੱਤਕ ੧੬੭੬ ਬਿਕ੍ਰਮੀ ਭਾਵ ੨੮ ਅਕਤੂਬਰ ੧੬੧੯ ਈਸਵੀ ਨੂੰ ਦੀਵਾਲੀ ਵਾਲੇ ਦਿਨ ਹੋਈ। ਸਿੱਖ ਪੰਥ ਇਸ ਤਾਰੀਖ ਨੂੰ ਮੁੱਖ ਰੱਖਦੇ ਹੋਏ ਦੀਵਾਲੀ ਵਾਲੇ ਦਿਨ ਨੂੰ ਬੰਦੀਛੋੜ ਦਿਵਸ ਵਜੋਂ ਮਨਾਉਂਦਾ ਚਲਾ ਆ ਰਿਹਾ ਹੈ।

*-ਸ. ਸੁਖਮਿੰਦਰ ਸਿੰਘ ਗੱਜਣਵਾਲਾ*

# ਦੀਵਿਆਂ ਦਾ ਸੰਦੇਸ਼



ਡਾ. ਇੰਦਰਜੀਤ ਸਿੰਘ ਗੋਗੋਆਣੀ



'ਦੀਵਾ' ਸਧਾਰਨ ਮਿੱਟੀ ਦਾ ਵਜੂਦ ਹੀ ਨਹੀਂ ਸਗੋਂ ਵੱਡੇ ਫ਼ਲਸਫ਼ੇ ਦਾ ਜਨਮ-ਦਾਤਾ ਹੈ।ਸਾਡੇ ਸੱਭਿਆਚਾਰ ਵਿਚ ਦੀਵੇ ਨੇ ਚਾਨਣ ਦੇ ਨਾਲ-ਨਾਲ ਆਸ਼ਾਵਾਦੀ ਜੀਵਨ ਜੀਉਣ ਅਤੇ ਹਨੇਰਿਆਂ ਨਾਲ ਜੂਝਣ ਦਾ ਹੌਸਲਾ ਤੇ ਚੱਜ ਅਚਾਰ ਵੀ ਦਿੱਤਾ ਹੈ।ਦਾਨਿਆਂ ਨੇ ਗਿਆਨ ਦੀ ਰੋਸ਼ਨੀ ਨਾਲ ਤੇ ਅਗਿਆਨ ਦੀ ਹਨੇਰੇ ਨਾਲ ਤੁਲਨਾ ਕਰਦਿਆਂ ਮੱਥੇ ਦਾ ਦੀਵਾ ਜਾਂ ਗਿਆਨ ਦਾ ਦੀਵਾ ਬਾਲਣ ਦੀ ਵਾਰ-ਵਾਰ ਤਾਕੀਦ ਕੀਤੀ ਹੈ।ਮਾਨਵੀ ਜੀਵਨ ਵਿਚ ਦੀਵੇ ਦੇ ਜਗਣ ਦਾ ਵੀ ਇਕ ਸੁਨੇਹਾ ਹੈ ਤੇ ਬੁਝਣ ਦਾ ਵੀ ਭਾਵ ਅਰਥ ਹੈ।ਦੀਵਾ-ਸੰਸਕ੍ਰਿਤ ਵਿਚ ਦੀਪ ਤੇ ਪੰਜਾਬੀ 'ਚ ਦੀਵਾ ਹੈ ਪਰ ਇਸ ਦੇ ਸਮਾਨਅਰਥੀ ਸ਼ਬਦ - ਦੀਪਕ, ਚਰਾਗ, ਦੀਆ, ਦੀਯਾ, ਦੀਵੜਾ ਤੇ ਦੀਵਰਾ ਆਦਿ ਵੀ ਹਨ।'ਪ੍ਰਮਾਣਿਕ ਪੰਜਾਬੀ ਕੋਸ਼' ਵਿਚ ਦੀਵੇ ਨੂੰ ਮਿੱਟੀ ਦਾ ਬਣਿਆ ਹੋਇਆ ਚੂੰਗੜਾ ਲਿਖਿਆ ਹੈ।

'ਪੰਜਾਬੀ ਮੁਹਾਵਰਾ ਕੋਸ਼' ਨੂੰ ਵਾਚੀਏ ਤਾਂ ਬੇਅੰਤ ਮੁਹਾਵਰੇ ਦੀਵੇ ਦੀ ਵਿਸ਼ੇਸ਼ਤਾ ਪ੍ਰਗਟਾਉਂਦੇ ਹਨ ਜਿਵੇਂ ਦੀਵਾ ਲੈ ਕੇ ਟੋਲਣਾ (ਬਹੁਤ ਤਲਾਸ਼ ਕਰਨਾ), ਦੀਵਾ ਵੱਟੀ ਕਰਨੀ (ਦੀਵਾ ਜਗਾਉਣਾ), ਦੀਵੇ ਜਗ ਪੈਣਾ (ਰਾਤ ਪੈ ਜਾਣੀ), ਦੀਵਾ ਵੱਡਾ ਕਰਨਾ ਜਾਂ ਦੀਵਾ ਵਧਾਉਣਾ (ਦੀਵਾ ਬੁਝਾਉਣਾ), ਦੀਵੇ ਬਲਣੇ (ਖ਼ੁਸ਼ੀ ਦਾ ਇਜ਼ਹਾਰ) ਦੀਵੇ ਵੱਟੀ ਦਾ ਵੇਲਾ (ਰਾਤ ਪੈਣਾ), ਦੀਵੇ ਨਾਲ ਦੀਵਾ ਜਗਣਾ (ਪੀੜ੍ਹੀ ਚੱਲਣਾ), ਦੀਵਾ ਬੁਝ ਜਾਣਾ (ਵਾਰਸ ਦੀ ਮੌਤ), ਦੀਵਾ ਗੁੱਲ ਕਰਨਾ (ਤਬਾਹੀ ਕਰਨਾ), ਦਿਨੇ ਦੀਵੇ ਜਗਾਉਣਾ (ਫ਼ਜ਼ੂਲ ਖਰਚਾ ਜਾਂ ਦਿਵਾਲਾ ਕੱਢਣਾ), ਘਿਉ ਦੇ ਦੀਵੇ ਜਗਾਉਣੇ (ਅੱਤ ਦੀ ਖ਼ੁਸ਼ੀ)।

ਦੀਵੇ ਦੀ ਜਿਸ ਨੇ ਖੋਜ ਕੀਤੀ, ਉਹ ਚਾਨਣ ਦਾ ਵਣਜਾਰਾ ਸੀ ਅਤੇ ਜਿਨ੍ਹਾਂ ਨੇ ਰਾਤੀਂ ਦੀਵਿਆਂ ਦੇ ਚਾਨਣੇ ਬਹਿ ਕੇ ਸਾਹਿਤਕ ਖੋਜ ਕੀਤੀ ਉਹ ਗਿਆਨ ਦੇ ਵਣਜਾਰੇ ਸਨ। ਅਧਿਆਤਮਿਕ ਜਗਤ ਵਿਚ ਤਨ ਨੂੰ ਦੀਵਾ ਤੇ ਤੇਲ ਵੱਟੀ ਨੂੰ ਸਵਾਸਾਂ ਨਾਲ ਵੀ ਤੁਲਨਾਇਆ ਗਿਆ।ਤੱਤਸਾਰ ਕਿ ਮਿੱਟੀ ਦਾ ਦੀਵਾ ਤਾਂ ਹੋਰ ਤੇਲ ਜਾਂ ਘਿਉ ਪਾਇਆਂ ਫਿਰ ਜਗ ਪਵੇਗਾ ਪਰ ਤਨ ਰੂਪੀ ਦੀਵਾ ਜਦੋਂ ਇਕ ਵਾਰ ਬੁਝ ਗਿਆ ਤਾਂ ਫਿਰ ਮੌਕਾ ਹੱਥ ਨਹੀਂ ਆਉਣਾ।ਇਸ ਲਈ ਜੀਵਨ ਵਿਚ ਚੰਗੇ ਕੰਮ ਕਰੋ ਤੇ ਸਮਾਜ ਨੂੰ ਰੌਸ਼ਨਮਈ ਬਣਾਉ।

ਦੀਵੇ ਬਾਰੇ ਇਹ ਵੀ ਵਿਚਾਰ ਹੈ ਕਿ ਮਨੁੱਖ ਨੇ ਅੱਤ ਦੀ ਖ਼ੁਸ਼ੀ ਵਿਚ ਜਦ ਦੀਵਿਆਂ ਦੀ ਕਤਾਰ ਜਾਂ ਪਾਲ ਜਗਾ ਕੇ ਰੱਖੀ ਤਾਂ ਉਹ ਦੀਪਾਂ ਦੀ ਮਾਲਾ ਬਣ ਗਈ।ਮੱਸਿਆ ਦੀ ਰਾਤ ਸਮੇਂ ਬੇਅੰਤ ਦੀਵਿਆਂ ਦਾ ਚਾਨਣ ਖ਼ੁਸ਼ੀ ਦਾ ਪ੍ਰਗਟਾਵਾ ਤੇ ਚਾਉ ਸੀ।ਇਹਦੇ ਨਾਲ ਇਤਿਹਾਸਕ ਦਿਨਾਂ ਦਾ ਮਿਲਾਪ ਹੋਇਆ ਤਾਂ ਵੱਡੇ ਖ਼ੁਸ਼ੀ ਦੇ ਤਿਉਹਾਰ ਬਣ ਗਏ ਤੇ ਇਸੇ ਤਰਾਂ ਦੀਵਿਆਂ ਵਾਲੀ ਤੋਂ ਦੀਵਾਲੀ ਸ਼ਬਦ ਹੋਂਦ ਵਿਚ ਆਇਆ।ਵੱਖ-ਵੱਖ ਸੱਭਿਆਚਾਰਾਂ ਵਿਚ ਖ਼ੁਸ਼ੀ ਨੂੰ ਮਾਨਣ ਦੇ ਇਤਿਹਾਸਕ/ਮਿਥਿਹਾਸਕ ਕਾਰਨ ਭਾਵੇਂ ਵੱਖ-ਵੱਖ ਹਨ ਪਰ ਦੀਵਾ ਹਮੇਸ਼ਾਂ ਅਨੇਕਤਾ ਵਿਚ ਏਕਤਾ ਦਾ ਗਵਾਹ ਰਿਹਾ ਹੈ।ਤੱਤ ਗਿਆਨ ਕਿ ਰੋਸ਼ਨੀ ਤੇ ਗਿਆਨ ਸਮੁੱਚੀ ਮਾਨਵਤਾ ਦੀ ਸਦੀਵੀ ਲੋੜ ਹੈ।ਇਨ੍ਹਾਂ ਦਾ ਮੁਕਾਬਲਾ ਹਨੇਰੇ ਤੇ ਅਗਿਆਨਤਾ ਨਾਲ ਰਹੇਗਾ ਪਰ ਵਿਤਕਰਾ ਕਿਸੇ ਨਾਲ ਵੀ ਨਹੀਂ।

ਦੀਵਾ- ਸਮੁੱਚੇ ਸੰਸਾਰ ਨੂੰ ਚੇਤੰਨ ਕਰਦਾ ਹੈ ਕਿ ਦੀਵੇ ਨਾਲ ਦੀਵਾ ਜਗਾਈਏ ਤਾਂ ਵਿਕਾਸ ਹੁੰਦਾ ਹੈ ਪਰ ਇਕ ਦੂਜੇ ਨਾਲ ਨਫ਼ਰਤਾਂ ਕਰਕੇ ਦੀਵੇ ਬੁਝਾਈਏ ਤਾਂ ਵਿਨਾਸ਼ ਹੁੰਦਾ ਹੈ।ਦੀਵਾ-ਬਾਹਰੀ ਤਲ 'ਤੇ ਹਨੇਰੇ ਵਿਚ ਟੱਕਰਾਂ ਖਾਂਦੇ ਮਨੁੱਖ ਲਈ ਰਾਹ-ਦਸੇਰਾ ਹੈ।ਦੀਵੇ ਦੀ ਸਿਰਜਨਾ ਦਾ ਮੂਲ ਕਾਰਨ ਵੀ ਹਨੇਰੇ ਨੂੰ ਦੂਰ ਕਰਨਾ ਸੀ ਤੇ ਹੌਲੀ-ਹੌਲੀ ਬੌਧਿਕ ਵਿਕਾਸ ਲਈ ਸਿੱਖਿਆਦਾਇਕ ਸ਼ਬਦ ਬਣ ਗਿਆ।ਜਦ ਕਿਸੇ ਖੋਜੀ ਨੇ ਵੱਡੀ ਖੋਜ ਕੀਤੀ ਤਾਂ ਉਸ ਦੀ ਤੁਲਨਾ 'ਦੀਵਾ ਜਗਾਉਣਾ' ਨਾਲ ਕੀਤੀ ਗਈ ਅਤੇ ਜਦ ਕਿਸੇ ਸਿਆਣੇ ਨੇ ਵੱਡੀ ਗਲਤੀ ਕੀਤੀ ਤਾਂ 'ਦੀਵੇ ਤਲੇ ਹਨੇਰਾ' ਅਖਾਣ ਪ੍ਰਚੱਲਤ ਹੋ ਗਿਆ।ਜਦ ਮਹਾਨ ਗ੍ਰੰਥਾਂ ਦੇ ਅਰਥ ਕਰਦਿਆਂ ਕੋਈ ਸ਼ਬਦ ਦੋਹੀਂ ਪਾਸੀਂ ਭਾਵ ਅਰਥ ਰੱਖਦਾ ਤਾਂ ਉਸ ਸ਼ਬਦ ਨੂੰ ਵਿਦਵਾਨਾਂ ਨੇ ਦੇਹਲੀ ਦੀਪਕਾ ਕਹਿ ਕੇ ਸਤਿਕਾਰਿਆ।ਜਦੋਂ ਕਿਸੇ ਨੇ ਸਮੇਂ ਸਿਰ ਮੰਗਵੀਂ ਵਸਤ ਨਾ ਦਿੱਤੀ ਤਾਂ ਬਾਅਦ ਦੀ ਪ੍ਰਦਾਨਤਾ ਨੂੰ ਦੀਵਾਲੀ ਪਿੱਛੋਂ ਦੀਵੇ ਦਾ ਕੀ ਕੰਮ ਕਹਿ ਕੇ ਤਿਉਹਾਰ ਦੀ ਮਹਾਨਤਾ ਨੂੰ ਚੇਤੇ ਕੀਤਾ।

ਦੀਵੇ ਨਾਲ ਪੰਜਾਬੀ ਸੱਭਿਆਚਾਰ ਵਿਚ ਖ਼ੁਸ਼ੀ ਤੇ ਗਮੀ ਦੀਆਂ ਅਨੇਕਾਂ ਰਸਮਾਂ-ਰੀਤਾਂ ਸੰਬੰਧਿਤ ਹਨ।ਦੀਵਾ ਬਾਲ ਕੇ ਰੱਖਣ ਦੇ ਸਥਾਨ ਨੂੰ ਦੀਵਟ ਕਿਹਾ ਗਿਆ ਤੇ ਸਾਡੇ ਪੁਰਖਿਆਂ ਨੇ ਦੀਵੇ ਦੀ ਉਸਤਤ ਵਿਚ ਇਉਂ ਵਲਵਲੇ ਸਾਂਝੇ ਕੀਤੇ, 'ਦੀਵਟ ਦੀਵੜਾ ਬਲੇ, ਸੱਤਰ ਸੌ ਬਲਾ ਟਲੇ' ਜਾਂ 'ਦੀਵਟ ਘਿਉ ਦੀ ਬੱਤੀ, ਘਰ ਆਵੇ ਬਹੁਤੀ ਖੱਟੀ।' ਕਿਸੇ ਘਰ ਵਿਚ ਦੀਵਾ ਜਗਣਾ ਖ਼ੁਸ਼ਹਾਲੀ ਤੇ ਜੀਵਨ ਧੜਕਨ ਦੀ ਗਵਾਹੀ ਹੈ।ਦੀਵਾਲੀ ਦੀ ਰਾਤ ਘਰ ਦੇ ਆਲਿਆਂ, ਕੰਧਾਂ, ਰੂੜੀਆਂ, ਖੂਹਾਂ, ਛੱਪੜਾਂ, ਸ਼ਮਸ਼ਾਨ ਘਾਟਾਂ ਅਤੇ ਧਰਮ ਸਥਾਨਾਂ 'ਤੇ ਦੀਵੇ ਜਗਾਉਣੇ ਵਾਰਸਾਂ ਦੇ ਜਿਊਂਦੇ ਹੋਣ ਤੇ ਚਾਉ ਦਾ ਪ੍ਰਤੀਕ ਹਨ।ਧਰਮ ਅਸਥਾਨਾਂ ਵਿਚ ਘਿਉ ਦੀ ਜੋਤ ਜਗਣੀ ਵਾਰਸਾਂ ਦੀ ਵਾਰਸਤਾਈ ਤੇ ਸਦੀਵ ਸਾਂਭ-ਸੰਭਾਲ ਦੀ ਗਵਾਹੀ ਹੈ। ਅੱਜ ਸਾਡੇ ਪਾਸ ਰੋਸ਼ਨੀ ਲਈ ਭਾਵੇਂ ਬੇਅੰਤ ਸਾਧਨ ਹਨ ਪਰ ਰੋਸ਼ਨੀ ਦੇ ਵੱਡੇ-ਵਡੇਰੇ ਦੀਵੇ ਜਾਂ ਦੀਪਕ ਹੀ ਹਨ ਜੋ ਸਮੂਹ ਮਾਨਵਤਾ ਨੂੰ ਬਹਿਰੂਨੀ ਤੇ ਅੰਦਰੂਨੀ ਤਲ 'ਤੇ ਚਾਨਣਮਈ ਤੇ ਗਿਆਨਮਈ ਹੋਣ ਦਾ ਸਦੀਵੀ ਸੁਨੇਹਾ ਦੇ ਰਹੇ ਹਨ।

# ਬੰਦੀ ਛੋੜ ਦਿਵਸ ਤੇ ਦੀਵਾਲੀ ਦਾ ਪਰਸਪਰ ਸੰਬੰਧ !

ਸਤਿਗੁਰੁ ਬੰਦੀਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ॥
ਗੁਰਮੁਖਿ ਮਨ ਅਪਤੀਜੁ ਪਤੀਣਾ॥ (ਭਾਈ ਗੁਰਦਾਸ ਜੀ)

ਬੰਦੀਛੋੜ ਦਿਵਸ, ਮੀਰੀ-ਪੀਰੀ ਦੇ ਮਾਲਕ, ਮਾਨਵਤਾ ਦੇ ਪਿਆਰੇ, ਮਜ਼ਲੂਮਾਂ ਦੇ ਰੱਖਿਅਕ, ਛੇਵੇਂ ਨਾਨਕ, ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਲ ਸਬੰਧਤ ਹੈ। ਜਿਸ ਨੂੰ ਹਰ ਸਾਲ ਸਿੱਖ ਸੰਗਤਾਂ ਸ਼ਰਧਾ ਭਾਵਨਾ ਨਾਲ ਮਨਾਉਂਦੀਆਂ ਹਨ। ਇਸ ਦਿਨ ਸਿੱਖ ਜਗਤ ਆਪਣੇ ਗੌਰਵਮਈ ਇਤਿਹਾਸ ਨੂੰ ਯਾਦ ਕਰਦਿਆਂ ਮਾਣ ਮਹਿਸੂਸ ਕਰਦਾ ਹੈ, ਕਿਉਂਕਿ ਸਿੱਖ ਧਰਮ ਅੰਦਰ ਇਸ ਦਿਨ ਦਾ ਆਪਣਾ ਖਾਸ ਮਹੱਤਵ ਹੈ।



ਸਿੱਖ ਹਵਾਲਿਆਂ ਅਨੁਸਾਰ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਗਵਾਲੀਆਰ ਦੇ ਕਿਲੇ ਵਿੱਚ ਕੈਦ ਕੀਤਾ ਹੋਇਆ ਸੀ ਪਰ ਸਿੱਖ ਸੰਗਤਾਂ ਦੇ ਰੋਹ ਨੂੰ ਦੇਖਦਿਆਂ ਹੋਇਆਂ ਉਸ ਨੇ ਗੁਰੂ ਸਾਹਿਬ ਨੂੰ ਆਜ਼ਾਦ ਕਰਨ ਦਾ ਫੈਸਲਾ ਕੀਤਾ ਪਰ ਗੁਰੂ ਸਾਹਿਬ ਨੇ ਕਿਹਾ ਕਿ ਪਹਿਲਾਂ ਸਾਰੇ ਕੈਦੀਆਂ ਨੂੰ ਆਜ਼ਾਦ ਕਰੋ ਤਾਂ ਹੀ ਅਸੀਂ ਜਾਵਾਂਗੇ। ਜਹਾਂਗੀਰ ਨੇ ਕਿਹਾ ਕਿ ਜਿੰਨੇ ਤੁਹਾਡਾ ਪਲਾ ਫੜ ਕੇ ਜਾ ਸਕਦੇ ਉਹ ਚਲੇ ਜਾਣ। ਗੁਰੂ ਸਾਹਿਬ ਨੇ ਵਿਸ਼ੇਸ਼ ਰੂਪ ਵਿੱਚ 52 ਕਲੀਆਂ ਵਾਲਾ ਚੋਲਾ ਪਾ ਕੇ ਜਹਾਂਗੀਰ ਦੀ ਚਲਾਕ ਬਿਰਤੀ ਦੀ ਰੱਖੀ ਸ਼ਰਤ ਨੂੰ ਪੂਰਾ ਕੀਤਾ ਤੇ ਗਵਾਲੀਅਰ ਦੇ ਕਿਲੇ ਵਿੱਚੋਂ ਸਾਰੇ ਕੈਦੀ 52 ਹਿੰਦੂ ਰਾਜਿਆਂ ਨੂੰ ਵੀ ਅਜ਼ਾਦ ਕਰਵਾਇਆ।ਇਸੇ ਕਰਕੇ ਹੀ ਆਪ ਜੀ ਨੂੰ ਬੰਦੀ ਛੋੜ ਦਾਤਾ ਵੀ ਆਖਿਆ ਜਾਂਦਾ ਹੈ। ਸਿੱਖ ਮਾਨਤਾ ਅਨੁਸਾਰ ਗਵਾਲੀਅਰ ਦੇ ਕਿਲੇ ਵਿਚੋਂ ਵਾਪਸ ਅੰਮ੍ਰਿਤਸਰ ਪਰਤਣ ਦੀ ਖੁਸ਼ੀ ਵਿੱਚ ਸਿੱਖਾਂ ਨੇ ਗੁਰੂ ਸਾਹਿਬ ਦਾ ਨਿੱਘਾ ਸਵਾਗਤ ਕੀਤਾ। ਉਦੋਂ ਤੋਂ ਹਰ ਵਰੇ ਇਸ ਦਿਨ ਨੂੰ ਬੰਦੀ ਛੋੜ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ।ਇਸ ਵਰੇ ਵੀ ਸਿੱਖ ਸੰਗਤਾਂ ਇਸ ਦਿਨ ਨੂੰ ਬਹੁਤ ਹੀ ਉਤਸ਼ਾਹ ਤੇ ਸ਼ਰਧਾ ਨਾਲ ਮਨਾ ਰਹੀਆਂ ਹਨ। ਇਸ ਦਿਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸਿੱਖ ਸੰਗਤਾਂ ਦਾ ਇਕੱਠ ਦੇਖਦਿਆਂ ਹੀ ਬਣਦਾ ਹੈ। ਵਿਸ਼ੇਸ਼ ਰੂਪ ਨਾਲ ਸ੍ਰੀ ਦਰਬਾਰ ਸਾਹਿਬ ਵਿਖੇ ਲਾਇਟਿੰਗ ਤੇ ਆਤਿਸ਼ਬਾਜੀ ਕੀਤੀ ਜਾਂਦੀ ਹੈ। ਇਹ ਦਿਹਾੜਾ ਸਿੱਖ ਜਗਤ ਵਿੱਚ ਵਿਸ਼ੇਸ਼ ਤੇ ਮੌਲਿਕ ਸਥਾਨ ਰੱਖਦਾ ਹੈ।ਭਾਰਤ ਵਿੱਚ ਕੁਝ ਤਿਉਹਾਰ ਅਜਿਹੇ ਹਨ ਜਿਨ੍ਹਾਂ ਨੂੰ ਦੇਸ਼ ਵਿੱਚ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ। ਹਰ ਇੱਕ ਤਿਉਹਾਰ ਨੂੰ ਮਨਾਉਣ ਦੀ ਇੱਕ ਆਪਣੀ ਪਰੰਪਰਾ ਹੈ ਜੋ ਸਦੀਆਂ ਤੋਂ ਚਲਦੀ ਆ ਰਹੀ ਹੈ। ਉਨ੍ਹਾਂ ਵਿਚੋਂ ਹੀ ਇੱਕ ਤਿਉਹਾਰ ਦੀਵਾਲੀ ਹੈ ਜਿਸ ਦਾ ਹਰ ਸਾਲ ਪੂਰਾ ਦੇਸ਼ ਬਹੁਤ ਹੀ ਬੇਸਬਰੀ ਨਾਲ ਇੰਤਜਾਰ ਕਰਦਾ ਹੈ ਤੇ ਉਤਸ਼ਾਹ ਨਾਲ ਮਨਾਉਂਦਾ ਹੈ। ਇਹ ਤਿਉਹਾਰ ਸਿੱਧੇ ਰੂਪ ਵਿੱਚ ਹਿੰਦੂ ਭਾਈਚਾਰੇ ਨਾਲ ਸਬੰਧਤ ਹੈ ਜੋ ਕਿ ਸ੍ਰੀ ਰਾਮ ਚੰਦਰ ਜੀ ਦੇ 14 ਸਾਲਾ ਬਨਵਾਸ ਕੱਟਣ ਤੋਂ ਬਾਅਦ ਆਯੋਧਿਆ ਵਾਪਸੀ ਦੀ ਖੁਸ਼ੀ ਵਿੱਚ ਮਨਾਇਆ ਜਾਂਦਾ ਹੈ। ਸਦੀਆਂ ਤੋਂ ਇਸ ਵਿਸ਼ੇਸ਼ ਦਿਨ ਦੀ ਰਾਤ ਨੂੰ ਮਿੱਟੀ ਦੇ ਦੀਵੇ ਜਗਾਉਂਣ ਅਤੇ ਆਤਿਸ਼ਬਾਜੀ ਕਰਨ ਦੀ ਰੀਤ ਚੱਲੀ ਆ ਰਹੀ ਹੈ।ਦੀਵੇ ਇੰਨੇ ਵੱਡੇ ਪੱਧਰ 'ਤੇ ਬਾਲੇ ਜਾਂਦੇ ਨੇ ਕਿ ਇਸ ਦਿਨ ਦਾ ਨਾਮ ਹੀ ਦੀਵਾਲੀ ਪੈ ਗਿਆ। ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿੱਚ ਦੀਵਾਲੀ ਦਾ ਜ਼ਿਕਰ ਕੁਝ ਇਸ ਤਰ੍ਹਾਂ ਕਰਦੇ ਨੇ:

ਦੀਵਾਲੀ ਕੀ ਰਾਤਿ ਦੀਵੇ ਬਾਲੀਅਨ।
ਤਾਰੇ ਜਾਤਿ ਸਨਾਤਿ ਅੰਬਰ ਭਾਲੀਅਨ।
(ਭਾਈ ਗੁਰਦਾਸ ਜੀ, ਵਾਰ ੧੯ ਪਉੜੀ ੬)

ਜਿਸ ਦੇ ਅਰਥ ਨੇ ਕਿ ਜਿਵੇਂ ਅੰਬਰ ਵਿੱਚ ਤਾਰੇ ਚਮਕਦੇ ਨੇ ਉਸੇ ਤਰ੍ਹਾਂ ਦੀਵਾਲੀ ਦੀ ਰਾਤ ਦੀਵੇ ਚਮਕਦੇ ਨੇ ਪਰ ਜਿਵੇਂ ਹੀ ਸੂਰਜ ਚੜਦਾ ਹੈ ਅੰਬਰ ਦੇ ਤਾਰੇ ਤੇ ਦਿਵਾਲੀ ਦੇ ਦੀਵਿਆਂ ਦੀ ਸਾਰੀ ਚਮਕ ਖਤਮ ਹੋ ਜਾਂਦੀ ਹੈ। ਗੁਰੂ ਦੀ ਬਾਣੀ ਤਾਂ ਅਜਿਹੇ ਸ਼ਬਦ ਰੂਪੀ ਦੀਵੇ ਬਾਲਣ ਦਾ ਉਪਦੇਸ਼ ਕਰਦੀ ਏ ਜਿਸ ਦਾ ਗਿਆਨ ਰੂਪੀ ਚਾਨਣ ਸਦਾ ਸਥਿਰ ਰਹਿਣ ਵਾਲਾ ਹੁੰਦਾ ਹੈ:

ਸਤਿਗੁਰ ਸਬਦਿ ਉਜਾਰੋ ਦੀਪਾ ॥ ॥੧॥
ਬਿਨਸਿਓ ਅੰਧਕਾਰ ਤਿਹ ਮੰਦਰਿ
ਰਤਨ ਕੋਠੜੀ ਖੁਲ੍ਹੀ ਅਨੂਪਾ ॥ਰਹਾਉ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੮੨੧)

ਵੈਸੇ ਵੀ ਗੁਰਮਤਿ ਦਾ ਸਿਧਾਂਤ ਤਾਂ ਹੈ ਹੀ ਨਿਰਾਲਾ।ਅੱਜ ਲੋੜ ਹੈ ਉਸ ਨੂੰ ਅਪਨਾਉਣ ਦੀ ਨਾ ਕਿ ਭੇਡ ਚਾਲ ਪਿੱਛੇ ਲੱਗਣ ਦੀ।ਅਜੋਕੇ ਸਮੇਂ ਜਦੋਂ ਪ੍ਰਦੂਸ਼ਣ ਹੱਦ ਤੋਂ ਜ਼ਿਆਦਾ ਹੋ ਚੁੱਕਾ ਹੈ ਅਜਿਹੇ ਵਿੱਚ ਸਾਨੂੰ ਇਸ ਤਿਉਹਾਰ ਵਾਲੇ ਦਿਨ ਕੀਤੀ ਜਾਂਦੀ ਆਤਿਸ਼ਬਾਜੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਪਾਸੇ ਸਾਡੇ ਧਾਰਮਿਕ ਅਦਾਰਿਆਂ ਤੇ ਸੰਸਥਾਵਾਂ ਨੂੰ ਵੀ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਕਾਦਰ ਦੀ ਸੋਹਣੀ ਕੁਦਰਤ ਦਾ ਧਿਆਨ ਰੱਖਿਆ ਜਾਵੇ।ਇਹ ਸਾਡਾ ਸਾਰਿਆਂ ਦਾ ਹੀ ਫਰਜ ਬਣਦਾ ਹੈ। ਅਸੀਂ ਸਾਰਿਆਂ ਨੂੰ ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ ਮੁਬਾਰਕਾਂ ਦਿੰਦੇ ਹੋਏ ਸਭ ਦੀ ਸਿਹਤਯਾਬੀ ਦੀ ਕਾਮਨਾ ਕਰਦੇ ਹਾਂ।

ਡਾ. ਗੁਰਦੇਵ ਸਿੰਘ

ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।




ਇੱਕ ਕੋਸ਼ਿਸ਼
ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ
ਪੁਰਖਿਆਂ ਦੀ ਪੈੜ 'ਚ ਪੈਰ ਧਰਦਾ
'ਖ਼ਾਲਸਾ ਅਖ਼ਬਾਰ'
ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !

+44 74913 74913
www.khalsaakhbaar.com
editor@khalsaakhbaar.com
@khalsaakhbaar

# ਦੀਵਾਲੀ ਨਾਲ ਜੁੜੀਆਂ ਬਿਪਰਵਾਦੀ ਕੁਰੀਤੀਆਂ ਤੇ ਗੁਰਮਤਿ ਦਾ ਸੰਦੇਸ਼

ਭਾਈ ਨਿਸ਼ਾਨ ਸਿੰਘ ਗੰਡੀਵਿੰਡ

ਅਸਲ ਵਿਚ ਦੀਵਾਲੀ ਲੱਛਮੀ ਦੀ ਪੂਜਾ ਦਾ ਤਿਉਹਾਰ ਹੈ।ਇਸ ਦਿਨ ਸੁੰਦਰ (ਸਵੱਛ) ਕੱਪੜੇ ਪਹਿਨੇ ਜਾਂਦੇ ਹਨ ਅਤੇ ਆਪਣੇ ਘਰਾਂ ਦੀ ਸਫਾਈ ਕਰ ਕੇ ਸਵਾਰਿਆ ਜਾਂਦਾ ਹੈ ਕਿ ਲੱਛਮੀ ਪ੍ਰਸੰਨ ਹੋ ਕੇ ਸਾਡੇ ਘਰ ਚਰਨ ਪਾਵੇਗੀ।

ਮਿਥਿਹਾਸ ਕਹਿੰਦਾ ਹੈ ਕਿ ਜਦੋਂ ਰਾਜਾ ਰਾਮ ਚੰਦਰ ੧੪ ਸਾਲ ਬਨਵਾਸ ਕੱਟ ਕੇ ਵਾਪਸ ਅਯੁੱਧਿਆ ਪਹੁੰਚਿਆ ਤਾਂ ਲੋਕਾਂ ਨੇ ਖੁਸ਼ੀ ਵਿਚ ਇਸ ਦਿਨ ਰਾਤ ਨੂੰ ਘਰਾਂ ਵਿਚ ਦੀਪਮਾਲਾ ਕੀਤੀ। ਉਸ ਦਿਨ ਤੋਂ ਇਹ ਦੀਵਾਲੀ ਦਾ ਤਿਉਹਾਰ ਹਰ ਸਾਲ ਮਨਾਇਆ ਜਾਣ ਲੱਗਾ।

ਇਤਿਹਾਸ ਵਿਚ ਪੜ੍ਹਨ-ਸੁਣਨ ਨੂੰ ਇਹ ਵੀ ਮਿਲਦਾ ਹੈ ਕਿ ਇਸ ਦਿਨ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਜਿਨ੍ਹਾਂ ਨੂੰ ਵਕਤ ਦੀ ਹਕੂਮਤ ਦੇ ਬਾਦਸ਼ਾਹ (ਜਹਾਂਗੀਰ) ਨੇ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ (ਕੈਦ) ਕੀਤਾ ਸੀ, ਉਹ ਰਿਹਾਅ ਹੋਏ ਸੀ ਤੇ ਉਨ੍ਹਾਂ ਨੇ ਆਪਣੇ ਨਾਲ ਹੀ ੫੨ ਰਾਜਿਆਂ ਨੂੰ ਵੀ ਰਿਹਾਅ ਕਰਵਾਇਆ ਸੀ। ਉਸ ਦਿਨ ਤੋਂ ਗੁਰੂ ਜੀ ਨੂੰ 'ਬੰਦੀ ਛੋੜ' ਦਾ ਨਾਮ ਵੀ ਦਿੱਤਾ ਗਿਆ। ਜਦੋਂ ਗੁਰੂ ਸਾਹਿਬ ਅੰਮ੍ਰਿਤਸਰ ਪਹੁੰਚੇ ਤਾਂ (ਸਿੱਖ) ਸੰਗਤਾਂ ਵੱਲੋਂ ਖੁਸ਼ੀ ਨੂੰ ਜ਼ਾਹਰ ਕਰਨ ਲਈ ਦੀਪ-ਮਾਲਾ ਕੀਤੀ, ਦੀਵਾਨ ਸਜਾਏ ਗਏ ਤੇ ਗੁਰਮਤਿ ਵਿਚਾਰਾਂ ਹੋਈਆਂ। ਗੁਰ-ਉਪਦੇਸ਼ਾਂ ਨੂੰ ਵਣ ਕਰਕੇ, ਹਿਰਦੇ ਵਿਚ ਦ੍ਰਿੜ ਕਰਕੇ ਉਸ ਮੁਤਾਬਕ ਸਿੱਖਾਂ ਨੇ ਆਪਣੇ ਜੀਵਨ ਨੂੰ ਢਾਲ ਕੇ ਆਪਣਾ ਲੋਕ ਤੇ ਪ੍ਰਲੋਕ ਸਵਾਰ ਲਿਆ।

ਅਫਸੋਸ ਕਿ ਅੱਜ ਅਖੌਤੀ ਸਿੱਖ ਇਸ ਦਿਨ ਆਪਣੇ ਸੱਜਣਾਂ/ਮਿੱਤਰਾਂ ਨੂੰ ਘਰੀਂ ਬੁਲਾਉਂਦੇ ਹਨ।ਇਸ ਵਾਸਤੇ ਨਹੀਂ ਕਿ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ ਜਾਣ, ਸਗੋਂ ਮੀਟ-ਸ਼ਰਾਬ ਇਕੱਠਿਆਂ ਖਾਣ-ਪੀਣ ਲਈ ਹਾਲਾਂਕਿ ਗੁਰਮਤਿ ਵਿਚ ਸ਼ਰਾਬ ਪੀਣੀ ਸਖ਼ਤ ਵਿਵਰਜਤ ਹੈ:

-ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥
(ਅੰਗ ੫੫੩)

-ਪਰਨਾਰੀ, ਜੂਆ, ਅਸਤ, ਚੋਰੀ, ਮਦਰਾ ਜਾਨ ।
ਪਾਂਚ ਐਬ ਯੇ ਜਗਤ ਮੋ, ਤਜੈ ਸੁ ਸਿੰਘ ਸੁਜਾਨ ॥੪੪॥
(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਇਸ ਦਿਨ ਜੂਆ ਖੇਡਣਾ ਤਾਂ ਲਾਜ਼ਮੀ ਬਣ ਗਿਆ ਹੈ। ਸਭ ਜਾਣਦੇ ਹਨ ਕਿ ਜੂਆ ਬੜੀ ਭੈੜੀ ਖੇਡ ਹੈ। ਇਸ ਖੇਡ ਦੇ ਸ਼ਿਕਾਰ ਹੋਇਆਂ ਹੀ ਤਾਂ ਰਾਜਾ ਯੁਧਿਸ਼ਟਰ ਜਿਸ ਨੂੰ ਬਹੁਤ ਸਿਆਣਾ ਤੇ ਨੀਤੀਵਾਨ ਮੰਨਿਆ ਜਾਂਦਾ ਸੀ, ਉਹ ਆਪਣਾ ਸਾਰਾ ਰਾਜ-ਭਾਗ ਤੇ ਸਾਰਾ ਪਰਵਾਰ ਤੇ ਆਪਣੀ ਇਸਤਰੀ ਤਕ ਜੂਏ ਵਿਚ ਹਾਰ ਕੇ, ਦਰ-ਦਰ 'ਤੇ ਠੋਕਰਾਂ ਖਾਂਦਾ ਰਿਹਾ ਤੇ ਬੇਇੱਜ਼ਤ ਹੁੰਦਾ ਰਿਹਾ। ਅਸੀਂ ਉਪਰ ਪੜ੍ਹ ਆਏ ਹਾਂ ਕਿ ਜੂਆ ਵੀ ਪੰਜਾਂ ਐਬਾਂ ਵਿਚ ਮੰਨਿਆ ਗਿਆ ਹੈ।ਪਰ ਸਾਰੇ ਸਾਲ ਦੀ ਕਿਸਮਤ ਅਜ਼ਮਾਉਣ ਵਾਲੇ ਕਈ ਵਾਰ ਜੂਆ ਖੇਡ ਕੇ ਆਪਣੀ ਹੀ ਨਹੀਂ ਬਲਕਿ ਸਾਰੇ ਪਰਵਾਰ ਦੀ ਵੀ 'ਕਿਸਮਤ' ਦਾ ਸਤਿਆਨਾਸ ਕਰ ਦਿੰਦੇ ਹਨ, ਜਦੋਂ ਉਹ ਸਭ ਕੁਝ ਹਾਰ ਜਾਂਦੇ ਹਨ।



ਇਸ ਦਿਨ ਲੱਛਮੀ ਦੀ ਪੂਜਾ ਕੀਤੀ ਜਾਂਦੀ ਹੈ। ਇਥੋਂ ਤਕ ਕਿ ਦੀਵਾਲੀ ਵਾਲੀ ਰਾਤ ਕਮਰਿਆਂ ਦੇ ਦਰਵਾਜ਼ੇ ਵੀ ਖੁੱਲ੍ਹੇ ਰੱਖੇ ਜਾਂਦੇ ਹਨ।ਅਗਿਆਨੀਆਂ ਦਾ ਵਿਚਾਰ ਹੈ ਕਿ ਇਸ ਦਿਨ ਹਰ ਘਰ ਫੇਰਾ ਪਾਉਂਦੀ ਹੈ। ਜੇਕਰ ਦਰਵਾਜਾ ਬੰਦ ਹੋਵੇ ਤਾਂ ਉਹ ਵਾਪਸ ਮੁੜ ਜਾਂਦੀ ਹੈ ਤੇ ਸਾਰਾ ਸਾਲ ਘਰ ਭੰਗ ਭੁੱਜਦੀ ਹੈ।

ਇਕ ਵਾਰ ਦੀਵਾਲੀ ਵਾਲੀ ਰਾਤ ਪਟਾਕਿਆਂ ਦੇ ਖੜਾਕ ਤੋਂ ਡਰਦਾ ਬੱਚਾ ਵਿਲਕ ਰੋ ਰਿਹਾ ਸੀ ਤੇ ਆਪਣੀ ਮਾਂ ਨੂੰ ਅੰਦਰ ਜਾ ਕੇ ਦਰਵਾਜ਼ਾ ਬੰਦ ਕਰਨ ਲਈ ਕਹਿ ਰਿਹਾ ਸੀ।ਮਾਂ ਦਰਵਾਜ਼ਾ ਬੰਦ ਕਰਨ ਦੀ ਬਜਾਇ ਆਪਣੇ ਬੱਚੇ ਨੂੰ ਡਾਂਟ ਰਹੀ ਸੀ।ਇਹ ਸਭ ਕੁਝ ਵੇਖ ਕੇ ਉਨ੍ਹਾਂ ਦੇ ਕਾਮੇ (ਨੌਕਰ) ਨੇ ਕਿਹਾ, -'ਬੀਬੀ ਜੀ, ਕਿਉਂ ਬੱਚੇ ਨੂੰ ਰਵਾਉਣ ਡਹੇ ਜੇ ?ਲੈਜੋ ਖਾਂ ਅੰਦਰ, ਕਰ ਲਉ ਦਸ ਮਿੰਟ ਦਰਵਾਜ਼ਾ ਬੰਦ !'

ਬੀਬੀ ਜੀ ਅੱਕੀ-ਸੜੀ ਬੋਲੀ, 'ਭਾਉ ਤੂੰ ਵੀ ਕਮਲੀਆਂ ਮਾਰ ਰਿਹਾ ਏਂ, ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਅੱਜ ਦੇ ਦਿਨ ਦੇ ਦਿਨ ਲੱਛਮੀ ਫੇਰਾ ਪਾਉਂਦੀ ਐ ਤੇ ਦਰਵਾਜ਼ੇ ਖੋਲ ਕੇ ਰੱਖੀਦੇ ਆ...ਨਹੀਂ ਤਾਂ ਉਹ ਮੁੜ ਜਾਂਦੀ ਆ !'

ਨੌਕਰ ਨੇ ਮਿੱਠਾ ਜਿਹਾ ਹੱਸਦਿਆਂ ਕਿਹਾ, 'ਬੀਬੀ ਜੀ, ਕਮਲੀਆਂ ਤਾਂ ਤੁਸੀਂ ਮਾਰ ਰਹੇ ਹੋ।

ਤੁਹਾਨੰ ਪਤਾ, ਅਤਿ ਗਰੀਬੀ ਤੇ ਮਹਿੰਗਾਈ ਦੇ ਕਰਕੇ ਮੇਰੇ ਤੋਂ ਅਜੇ ਤਕ ਅੰਦਰਲਾ ਤੇ ਕੀ ਬਾਹਰਲਾ ਦਰਵਾਜ਼ਾ ਵੀ ਨਹੀਂ ਲਵਾਇਆ ਗਿਆ, ਪਰ ਅੱਜ ਤਕ ਲੱਛਮੀ ਮੇਰੇ ਤਾਂ ਆਈ ਨਹੀਂ। ਬੀਬੀ ਜੀ, ਵੇਖੋ! 'ਲੱਛਮੀ' ਤਾਂ ਮਿਹਨਤ ਕਰਨ ਨਾਲ ਆਉਂਦੀ ਆ ਇਸ ਤਰ੍ਹਾਂ ਦੇ ਕਰਮ-ਕਾਂਡ ਪੂਜਾ ਕੀਤਿਆਂ ਨਹੀਂ।'

ਇੰਨਾ ਸਮਝਾਉਣ 'ਤੇ ਵੀ ਬੀਬੀ ਦੇ ਕੰਨ 'ਤੇ ਜੂੰ ਨਾ ਸਰਕੀ, ਹਾਲਾਂਕਿ ਉਹ ਸਿੱਖ ਪਰਵਾਰ ਨਾਲ ਸੰਬੰਧਤ ਸੀ। ਗੁਰੂ ਸਾਹਿਬ ਤਾਂ ਦੇਵੀ-ਦੇਵਤਿਆਂ ਦੀ ਪੂਜਾ ਕਰਨ ਤੋਂ ਰੋਕਦੇ ਹਨ:

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥
(ਅੰਗ ੬੩੭)

-ਮਹਾ ਮਾਈ ਕੀ ਪੂਜਾ ਕਰੈ ॥ਨਰ ਸੈ ਨਾਰਿ ਹੋਇ ਅਉਤਰੈ ॥
(ਅੰਗ ੮੭੪)

ਗੁਰਮਤਿ ਰਾਮ ਨਾਮ ਗਹੁ ਮੀਤਾ ॥
ਪ੍ਰਣਵੈ ਨਾਮਾ ਇਉ ਕਹੈ ਗੀਤਾ ॥(ਅੰਗ ੮੭੪)

ਪਰ ਗੁਰਮਤਿ ਤੋਂ ਭਟਕੇ ਹੋਏ ਇਹ ਨਹੀਂ ਜਾਣਦੇ ਕਿ : ਦੁਰਗਾ ਕੋਟਿ ਜਾ ਕੈ ਮਰਦਨੁ ਕਰੈ ॥...
ਜਉ ਜਾਚਉ ਤਉ ਕੇਵਲ ਰਾਮ ॥
ਆਨ ਦੇਵ ਸਿਉ ਨਾਹੀ ਕਾਮ ॥(ਅੰਗ ੧੧੬੨)

ਪਰ ਉਹ:
ਠਾਕੁਰੁ ਛੋਡਿ ਦਾਸੀ ਕਉ ਸਿਮਰਹਿ
ਮਨਮੁਖ ਅੰਧ ਅਗਿਆਨਾ ॥ (ਅੰਗ ੧੧੩੯)

ਇਸ ਦਿਨ ਵਡੇਰਿਆਂ (ਪਿੱਤਰਾਂ) ਦੀਆਂ ਕਬਰਾਂ ਨੂੰ ਪੂਜਿਆ ਜਾਂਦਾ ਹੈ ਜਿਸ ਦੇ ਫਲ ਬਾਰੇ ਗੁਰੂ ਜੀ ਸਪਸ਼ਟ ਕਰਦੇ ਹਨ:

ਆਇਆ ਗਇਆ ਮੁਇਆ ਨਾਉ ॥
ਪਿਛੈ ਪਤਲਿ ਸਦਿਹੁ ਕਾਵ ॥
ਨਾਨਕ ਮਨਮੁਖਿ ਅੰਧੁ ਪਿਆਰੁ ॥
ਬਾਝੁ ਗੁਰੂ ਡੁਬਾ ਸੰਸਾਰੁ ॥(ਅੰਗ ੧੩੭)

ਪਾਖੰਡੀ ਬਾਬਿਆਂ/ਪੱਛਾਂ ਦੇਣ ਵਾਲਿਆਂ ਦੇ ਕਹਿਣ 'ਤੇ ਇਸ ਦਿਨ ਆਮ ਲੋਕੀ ਜਾਦੂ-ਟੂਣੇ ਕਰਦੇ ਹਨ।

ਸੰਤਾਨ ਦੀ ਪ੍ਰਾਪਤੀ ਲਈ ਹੋਰਾਂ ਦੇ ਬੱਚਿਆਂ ਦੇ ਕੇਸ ਕੱਟ ਲੈਣੇ, ਮਸਾਣ ਜਗਾਉਣੇ ਆਦਿ ਕੁਕਰਮ ਕਰਦੇ ਵੇਖੇ-ਸੁਣੇ ਜਾਂਦੇ ਹਨ। ਮਸਾਣ ਜਗਾਉਣ ਵਾਲੀਆਂ ਬੀਬੀਆਂ ਨੂੰ ਭਗਤ ਕਬੀਰ ਜੀ ਸਮਝਾਉਂਦੇ ਹਨ ਕਿ ਇਸ ਤਰ੍ਹਾਂ ਦੇ ਕਰਮ ਕਰਨ ਵਾਲੀ ਔਰਤ ਦੀ ਇਹ ਦਸ਼ਾ ਹੁੰਦੀ ਹੈ:

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਰਾਤਿ ਜਗਾਵਨ ਜਾਇ ॥
ਸਰਪਨਿ ਹੋਇ ਕੈ ਅਉਤਰੈ ਜਾਏ ਅਪੁਨੇ ਖਾਇ ॥
(ਅੰਗ ੧੩੭੦)

ਆਓ ਗੁਰੂ ਪਿਆਰਿਓ! ਵਿਚਾਰ ਕਰੀਏ ਕਿ ਅਸੀਂ ਇਸ ਦਿਨ ਕਰੋੜਾਂ ਰੁਪਏ ਦਾ ਮੀਟ-ਸ਼ਰਾਬ ਖਾ ਜਾਂਦੇ ਹਾਂ, ਮਣਾਂ-ਮੂੰਹੀਂ ਤੇਲ ਸਾੜ ਕੇ ਕਰੋੜਾਂ ਰੁਪਏ ਦੇ ਪਟਾਖੇ (ਆਤਸ਼ਬਾਜੀ) ਚਲਾ ਕੇ ਨਜ਼ਾਇਜ ਖਰਚਾ ਕਰਦੇ ਹਾਂ, ਪਟਾਖੇ ਚਲਾ ਕੇ ਹਵਾ ਦਾ ਪ੍ਰਦੂਸ਼ਣ ਕਰ ਰਹੇ ਹਾਂ।ਕਿੰਨਾ ਚੰਗਾ ਹੋਵੇ, ਜੇ ਅਸੀਂ ਗੁਰੂ ਸਾਹਿਬਾਂ ਦੀ ਮਤਿ (ਗੁਰਮਤਿ) ਨੂੰ ਮੱਦੇ ਨਜ਼ਰ ਰੱਖ ਕੇ ਗਰੀਬ-ਗੁਰਬਿਆਂ/ਲੋੜਵੰਦਾਂ ਨੂੰ ਕੱਪੜੇ ਬਣਾ ਕੇ ਦੇਈਏ, ਖਾਣ ਲਈ ਭੋਜਨ ਦੇਈਏ ਤੇ ਰੋਗੀਆਂ ਦਾ ਇਲਾਜ ਕਰਵਾਈਏ, ਅਮੀਰੀ ਗਰੀਬੀ ਦੇ ਪਾੜੇ ਤੇ ਜਾਤ-ਪਾਤ ਦੇ ਕੋਹੜ ਦਾ ਖਾਤਮਾ ਕਰਕੇ 'ਹਲੇਮੀ ਰਾਜ', ਰੂਹਾਨੀ ਤੇ ਇਖਲਾਕੀ ਸਭਿਆਚਾਰ ਦੀ ਸਿਰਜਨਾ ਕਰਕੇ ਸਰਬੱਤ ਦਾ ਭਲਾ' ਲੋੜੀਏ; ਗੁਰਮਤਿ ਨੂੰ ਅਪਣਾਅ ਕੇ ਭੈੜੀਆਂ ਆਦਤਾਂ (ਕੁਰੀਤੀਆਂ) ਦਾ ਤਿਆਗ ਕਰਕੇ ਲੋਕ ਸੁਖੀਆ, ਪਰਲੋਕ ਸੁਹੇਲਾ ਕਰ ਲਈਏ !

# बंदी छोड़ दिवस

सिक्ख गुरु साहिबान के जन्म तथा ज्योति-जोत समाने के दिवसों (गुरुपर्वो) के अलावा होला-महल्ला, वैसाखी तथा बंदी छोड़ दिवस (दीपावली) सिक्ख जगत के प्रमुख त्योहार हैं, जो प्रत्येक वर्ष सिक्ख संगत बड़ी श्रद्धा तथा उत्साह से मनाती है। होला महल्ला तथा वैसाखी तख़्त श्री केसगढ़ साहिब, श्री अनंदपुर साहिब (ज़िला रोपड़) में तथा बंदी छोड़ दिवस श्री दरबार साहिब, श्री अमृतसर में मनाया जाता है। हस्त लेख में हम बंदी छोड़ दिवस सम्बंधी विचार करते हैं।सिक्खों के लिए इस दिवस का बड़ा अहम ऐतिहासिक महत्त्व है। सिक्खी रहन-सहन तथा पर्वो के साथ मौलिकता एवं यथार्थवाद जुड़ा है अर्थात् सिक्ख संस्कारों तथा त्योहारों के पीछे ऐतिहासिक प्रमाणिकता है, जिससे अंधविश्वास तथा फिजूल के कर्मकांडी जीवन से ऊपर उठी हुई जीवन की सार्थकता जुड़ी है।सिक्ख गुरु साहिबान ने संगत के रूप में आपसी मेल-मिलाप के महत्त्व को उजागर किया है। गुरबाणी सिक्ख को संगत में मिल बैठने, आपसी मतभेद दूर करने तथा ऊंच-नीच का भेद मिटाकर सांझीवालता कायम करने का पैग़ाम देती है। सिक्ख-त्योहारों पर होने वाले विशेष समारोहों के पीछे भी मुख्य भावना यही होती है। गुरबाणी में फरमान है :होइ इकत्र मिलहु मेरे भाई दुबिधा दूरि करहु लिव लाइ ॥(११८५)मिलबे की महिमा बरनि न साकउ नानक परे परीला॥(४९८)सिक्ख धर्म में 'बंदी छोड़ दिवस' के नाम से विख्यात इस पर्व की पृष्ठभूमि छठम पातशाह श्री गुरु हरिगोबिंद साहिब जी से जुड़ती है। भाई कान्ह सिंघ नाभा रचित 'महान कोश' के पन्ना ४७६ पर दर्ज इंदराज के मुताबिक सिक्खों में इस पर्व पर दीये जलाने की रस्म बाबा बुड्ढा जी ने चलाई, क्योंकि श्री गुरु हरिगोबिंद साहिब दीपावली वाले दिन ग्वालियर के किले से श्री रिहा हुए थे, इसलिए खुशी में रोशनी की गयी।कई ऐतिहासिक हवालों के मुताबिक मुगल बादशाह जहांगीर ने श्री गुरु हरिगोबिंद साहिब को इसलिए गिरफ्तार किया था क्योंकि उन्होंने श्री गुरु अरजन देव जी को मुगल राज्य द्वारा किए गए जुर्माने की अदायगी नहीं की थी। किंतु यह बात सही नहीं लगती। एक अन्य मत इस सम्बंधी ज्यादा सार्थक लगता है कि श्री गुरु अरजन देव जी की शहादत के बाद सिक्ख सिर्फ 'संत' ही नहीं रहे थे, वे 'सिपाही' भी बन गये थे। छठम पातशाह द्वारा 'मीरी-पीरी' की दो कृपाणें धारण करने तथा सिक्खों के श्री गुरु हरिगोबिंद साहिब की अगुआई तले शस्त्रधारी होने को इतिहासकारों ने एक ऐतिहासिक मोड़ कहा है।प्रोः एच .आर .गुप्ता के अनुसार, "सिक्खों के शस्त्रधारी होने पर मुगल हकूमत को भय लगने लग गया था कि सिक्ख कहीं बगावत न कर दें। जहांगीर बादशाह ने श्री गुरु हरिगोबिंद साहिब को गिरफ्तार करके ग्वालियर के किले में नज़रबंद कर दिया, जहां उस समय के बागी राजाओं (जिनमें से ज्यादातर हिंदू थे) को भी बंदी बनाया हुआ था।एक अन्य रिवायत के अनुसार गुरु-घर के विरोधी चंदू ने भी श्री गुरु हरिगोबिंद साहिब के खिलाफ जहांगीर को काफी भड़काया, जिस पर जहांगीर ने श्री गुरु हरिगोबिंद साहिब को गिरफ्तार करके ग्वालियर के किले में कैद कर लिया। गुरु साहिब के इस किले में बंदी रहने की अवधि के बारे में विद्वानों का एक मत नहीं। कोई यह समय ज्यादा बताता है तो कोई कम। खैर, जब बादशाह जहांगीर की संतुष्टि हो गयी तो उसने गुरु साहिब की रिहाई के हुक्म जारी किए तथा गुरु साहिब के प्रति बड़े इज्जत-मान का प्रकटावा किया। गुरु साहिब के कहने पर ही अन्य कैदी (बागी) राजाओं, जिनकी संख्या ५२ के लगभग बतायी जाती है, भी जहांगीर को रिहा करने पड़े। इसी कारण श्री गुरु हरिगोबिंद साहिब को 'बंदी छोड़ दाता' तथा इस दिवस को 'बंदी छोड़ दिवस' कहा जाता है।दूसरे बंदियों की रिहाई ने जहां गुरु जी के यश में बढ़ावा किया, वहीं उन्होंने उदारता की गवाही भरते हुए सांप्रदायिकता तथा कौमप्रस्ती से कहीं आगे बढ़कर सर्वसांझीवालता का सबूत दिया। श्री गुरु हरिगोबिंद साहिब दीपावली के दिन ग्वालियर के किले से रिहा होकर श्री दरबार साहिब, श्री अमृतसर पहुंचे तो सिक्खों ने दीपमाला करके, आतिशबाज़ी चलाकर, मिठाइयां बांटकर खुशी का प्रकटावा किया, जिस पर प्रत्येक वर्ष सिक्ख इस दिवस की याद को 'बंदी छोड़ दिवस' के रूप में ताज़ा करते हैं।बंदी छोड़ दिवस का सम्बंध सिक्खों की एक और अहम शख़्सियत भाई मनी सिंघ जी से भी जुड़ता है। सिक्ख मर्यादा के अनुसार श्री अमृतसर साहिब के दर्शन-स्नान का सिक्खों के लिए विशेष महातम माना जाता है, तभी रोज़ाना 'अरदास' में श्री अमृतसर साहिब के दर्शन-स्नान का विशेष ज़िक्र आता है। गुरबाणी में इसकी महानता सम्बंधी फरमान है :डिठे सभे थाव नही तुधु जेहिआ ॥बधोह पुरखि बिधातै तां तू सोहिआ ॥वसदी सघन अपार अनूप रामदास पुर ॥हरिहां नानक कसमल जाहि नाइऐ रामदास सर ॥(१३६२)सिक्खों द्वारा इस अहम दिवस पर श्री दरबार साहिब, श्री अमृतसर 'सरबत्त खालसा' के रूप में एकत्रित होकर पंथक हितों के लिए 'गुरमते' के रूप में महत्त्वपूर्ण फैसले लेने की प्रथा थी। दशम पातशाह के ज्योति-जोत समाने के बाद इस समारोह में और भी बढ़ोत्तरी हो गयी। उनके ज्योति-जोत समाने के उपरांत कुछ समय तो पंथक अगुआई का कार्य बाबा बंदा सिंघ बहादर के सुपुर्द रहा। बाबा बंदा सिंघ बहादर की शहीदी के उपरांत यह कार्य गुरु-घर के अनन्य सिक्ख भाई मनी सिंघ जी के सुपुर्द हो गया।जैसे-जैसे समय व्यतीत होता गया, समय की हकूमत सिक्खों पर कड़ी निगरानी रखने लगी। सिक्खों के कहने पर भाई मनी सिंघ जी ने मुगल हकूमत की ओर से बंदी छोड़ दिवस पर श्री दरबार साहिब, श्री अमृतसर में धार्मिक समारोह करने के लिए अनुमति ले ली, जिसके बदले भाई मनी सिंघ जी ने सरकारी खज़ाने में कुछ राशि टैक्स के रूप में जमा करवानी स्वीकार कर ली। रतन सिंघ (भंगू) के 'प्राचीन पंथ प्रकाश' के अनुसार :दुआली को थो मेला लाया, तुरकन ने थो टका चुकाया।दस हज़ार रुपय्या ठहिराया, टकन खातर तिन दरोगा बहाया ॥२०॥(पृष्ठ २९६)किंतु जब भाई मनी सिंघ जी को मुगलों की इस चाल का पता चल गया कि मुगल हकूमत सिक्खों के इस समारोह के समय अचानक हमला करके सिक्खों का सामूहिक कत्लेआम करने की साजिश रच रही है तो उन्होंने सभी जगह संदेश भेजकर सिक्खों को बंदी छोड़ दिवस पर श्री अमृतसर इकट्ठा होने से मना कर दिया, जिस कारण समारोह न हो सका तथा भाई मनी सिंघ जी ने मुगल खज़ाने में टैक्स के रूप में राशि जमा न करवाई।मुगल हकूमत ने इसी बहाने भाई साहिब को बंदी बना लिया तथा उनको इसलाम धर्म कबूल करने के लिए मज़बूर किया, किंतु भाई साहिब का सिक्खी सिदक कायम रहा और उन्होंने मुगल हकूमत को जवाब दिया : मैं बंद बंद अब चहीं कटाया, इम कहिकै उन इमै अलाया। अब पैसे हम पै कछु नाहीं, लै जान हमारी नगदी माहीं। (पृष्ठ २९८)तो इस सम्बंधी काज़ियों-मुल्लाओं ने फतवा दे दिया:खान कहयो, होहु मुसलमान, तद छोडेंगे तुमरी जान। सिंघन कहयो, हम सिदक न हारै, कई जनम पर सिदक सु गारें ॥४०॥ तब काज़ी ने जिम ही कहयो, तिवें मुफत ने फतवा दयो ॥४१॥ बंद बंद जुदो सिंघ मनी करावो, इम कर चहीयत जगत दिखावो। होनी सी सो उन मुख बोली, उन मुख भी स्राप कुंजी खोल्ही ॥४२॥(पृष्ठ २९८)इस तरह भाई साहिब भाई मनी सिंघ जी १७९१ बिक्रमी अर्थात् १७३४ ई को लाहौर के नखास चौक में शहीद कर दिए गये। कुछ विद्वान लिखते हैं कि भाई मनी सिंघ जी को बंदी छोड़ दिवस पर शहीद किया गया, किंतु ऐतिहासिक हवाले इसकी पुष्टि नहीं करते। विशेष बात इस सम्बंधी यह है कि भाई साहिब की शहीदी बंदी छोड़ दिवस मनाने के सम्बंध में हुई थी।सिक्खों के लिए दीपावली का दिन दो महान शख़्सियतों श्री गुरु हरिगोबिंद साहिब तथा शहीद भाई मनी सिंघ जी की याद को ताज़ा करके बंदी छोड़ दिवस के रूप में अपने इतिहास पर गर्व करने की याद दिलाता है।कुछ पाठक इस वृतांत को पढ़कर इस तरह महसूस करेंगे कि सिक्खों के लिए गुरु पातशाह की रिहाई तथा भाई मनी सिंघ जी की शहादत एक समान ही थी। हां, सिक्खों को गुरु साहिबान द्वारा यही शिक्षा दृढ़ करवाई गई है :दुख सुख गुरमुखि सम करि जाणा हरख सोग ते बिरकतु भइआ ॥(९०७)आवत हरख न जावन दूखा नह बिआपै मन रोगनी ॥सदा अनंदु गुरु पूरा पाइआ तउ उतरी सगल बिओगनी ॥(८८३)अतः हम कह सकते हैं कि इस शुभअवसर पर सिक्ख अपने गौरवमयी इतिहास को याद करके इस पर फख्र का इज़हार करते हैं।चाहे सारा सिक्ख जगत इस दिवस को, जहां कहीं भी कोई है, बड़ी श्रद्धा से मनाता है, परंतु विशेष तौर पर सिक्ख संगत में इस दिवस पर श्री दरबार साहिब, श्री अमृतसर में धूमधाम से पहुंचने के लिए विशेष उत्साह देखने को मिलता है। श्री दरबार साहिब को अलौकिक ढंग से सजाया जाता है। रात को दीपमाला तथा आतिशबाजी का नजारा संगत में विशेष आकर्षण का कारण होता है।

-डॉ जसमित्तर सिंघ